ਨਗਰ ਨਿਗਮ ਜਲੰਧਰ



ਨਗਰ ਨਿਗਮ ਹਾਊਸ ਦੀ ਮੀਟਿੰਗ

ਮਿਤੀ **20-3-2018**

ਦੀ ਕਾਰਵਾਈ

(ਮਤਾ ਨੰ: **37-38**)

ਨਗਰ ਨਿਗਮ ਜਲੰਧਰ ਹਾਊਸ ਮੀਟਿੰਗ ਮਿਤੀ 20.03.2018 ਨੂੰ ਹੋਈ ਦੀ ਕਾਰਵਾਈ ।

ਮਿਤੀ 20.03.2018 ਨੂੰ ਨਗਰ ਨਿਗਮ ਹਾਊਸ ਦੀ ਜਨਰਲ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ ਡਾ: ਬੀ.ਆਰ. ਅੰਬੇਦਕਰ ਪ੍ਰਸ਼ਾਸਕੀ ਕੰਪਲੈਕਸ, ਦੂਸਰੀ ਮੰਜਿਲ, ਮੀਟਿੰਗ ਹਾਲ, ਨਗਰ ਨਿਗਮ, ਨਹਿਰੂ ਗਾਰਡਨ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

ਲੜੀ ਨੰ:	ਵਾਰਡ ਨੰ:	ਨਾਮ
1.	48	ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ
2.	39	ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ
3.	44	ਸ਼੍ਰੀ ਹਰਸਿਮਰਨਜੀਤ, ਡਿਪਟੀ ਮੇਅਰ
4.	1	ਸ਼੍ਰੀਮਤੀ ਤਮਨਰੀਤ ਕੌਰ, ਕੌਂਸਲਰ
5.	2	ਸ਼੍ਰੀ ਸੁਸ਼ੀਲ ਕੁਮਾਰ, ਕੌਂਸਲਰ
6.	4	ਸ਼੍ਰੀ ਪਰਮਜੀਤ ਸਿੰਘ, ਕੌਂਸਲਰ
7.	5	ਸ਼੍ਰੀਮਤੀ ਬਲਜਿੰਦਰ ਕੌਰ, ਕੌਂਸਲਰ
8.	6	ਸ਼੍ਰੀ ਨਿਰਮਲ ਸਿੰਘ, ਕੌਂਸਲਰ
9.	8	ਸ਼੍ਰੀ ਜੇ.ਪੀ ਸ਼ਮਸ਼ੇਰ ਖਹਿਰਾ, ਕੌਂਸਲਰ
10.	9	ਸ਼੍ਰੀਮਤੀ ਮਨਦੀਪ ਕੌਰ, ਕੌਂਸਲਰ
11.	10	ਸ਼੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ
12.	11	ਸ਼੍ਰੀਮਤੀ ਪ੍ਰਵੀਨਾ, ਕੌਂਸਲਰ
13.	12	ਸ਼੍ਰੀ ਜਗਦੀਸ਼ ਕੁਮਾਰ, ਕੌਂਸਲਰ
14.	13	ਸ਼੍ਰੀਮਤੀ ਬਿਮਲਾ ਰਾਨੀ, ਕੌਂਸਲਰ
15.	14	ਸ਼੍ਰੀ ਮਨਜਿੰਦਰ ਸਿੰਘ ਚੱਠਾ, ਕੌਂਸਲਰ
16.	15	ਸ਼੍ਰੀਮਤੀ ਡੋਲੀ, ਕੌਂਸਲਰ
17.	16	ਸ਼੍ਰੀ ਮਨਮੋਹਣ ਸਿੰਘ, ਕੌਂਸਲਰ
18.	17	ਸ਼੍ਰੀਮਤੀ ਸ਼ੈਲੀ ਖੰਨਾ, ਕੌਂਸਲਰ
19.	18	ਸ਼੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ
20.	19	ਸ਼੍ਰੀਮਤੀ ਉਮਾ ਬੇਰੀ, ਕੌਂਸਲਰ
21.	20	ਸ਼੍ਰੀਮਤੀ ਜਸਲੀਨ ਸੇਠੀ, ਕੌਂਸਲਰ
22.	21	ਸ਼੍ਰੀਮਤੀ ਮਨਜੀਤ ਕੌਰ, ਕੌਂਸਲਰ
23.	22	ਸ਼੍ਰੀ ਪ੍ਰੁਭਦਿਆਲ, ਕੌਂਸਲਰ
24.	23	ਸ਼੍ਰੀਮਤੀ ਨੀਰਜਾ ਜੈਨ, ਕੌਂਸਲਰ
25.	24	ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ
26.	25	ਸ਼੍ਰੀਮਤੀ ਸਰਬਜੀਤ ਕੌਰ, ਕੌਂਸਲਰ
27.	26	ਸ਼੍ਰੀ ਰੋਹਨ ਸਹਿਗਲ, ਕੌਂਸਲਰ
28.	27	ਸ਼੍ਰੀਮਤੀ ਅਰੁਣਾ ਅਰੋੜਾ, ਕੌਂਸਲਰ
29.	28	ਸ਼੍ਰੀ ਬਲਰਾਜ ਠਾਕੁਰ, ਕੌਂਸਲਰ
30.	29	ਸ਼੍ਰੀਮਤੀ ਪਰਮਜੀਤ ਕੌਰ ਬਾਗੜੀ, ਕੌਂਸਲਰ
31.	30	ਸ਼੍ਰੀ ਪਵਨ ਕੁਮਾਰ, ਕੌਂਸਲਰ
32.	31	ਸ਼੍ਰੀਮਤੀ ਹਰਸ਼ਰਨ ਕੌਰ, ਕੌਂਸਲਰ
33.	32	ਸ਼੍ਰੀ ਸੁੱਚਾ ਸਿੰਘ, ਕੌਂਸਲਰ
34.	33	ਸ਼੍ਰੀਮਤੀ ਕਮਲਾ ਰਾਣੀ , ਕੌਂਸਲਰ
35.	34	ਸ਼੍ਰੀ ਤਰਸੇਮ ਸਿੰਘ, ਕੌਂਸਲਰ
36.	35	ਸ਼੍ਰੀਮਤੀ ਗੀਤਾ ਰਾਣੀ, ਕੌਂਸਲਰ
37.	36	ਸ਼੍ਰੀ ਬਚਨ ਲਾਲ, ਕੌਂਸਲਰ
38.	37	ਸ਼੍ਰੀਮਤੀ ਕਮਲੇਸ਼ ਗਰੋਵਰ, ਕੌਂਸਲਰ
39.	38	ਸ਼੍ਰੀ ਓਮਕਾਰ ਰਜੀਵ, ਕੌਂਸਲਰ
40.	40	ਸ਼੍ਰੀ ਵਰੇਸ਼ ਕੁਮਾਰ, ਕੌਂਸਲਰ
41.	41	ਸ਼੍ਰੀਮਤੀ ਅਨੀਤਾ, ਕੌਂਸਲਰ
42.	42	ਸ਼੍ਰੀਮਤੀ ਸੁਨੀਤਾ, ਕੌਂਸਲਰ
43.	43	ਸ਼੍ਰੀਮਤੀ ਬਬੀਤਾ ਰਾਣੀ, ਕੌਂਸਲਰ
44.	45	ਸ਼੍ਰੀਮਤੀ ਜਸਪਾਲ ਕੌਰ, ਕੌਂਸਲਰ
45.	46	ਸ਼੍ਰੀਮਤੀ ਅਨੀਤਾ, ਕੌਂਸਲਰ
46.	47	ਸ਼੍ਰੀਮਤੀ ਬਲਵਿੰਦਰ ਕੌਰ, ਕੌਂਸਲਰ
47.	49	ਸ਼੍ਰੀਮਤੀ ਅਨੀਤਾ ਰਾਜਾ, ਕੌਂਸਲਰ
48.	50	ਸ਼੍ਰੀ ਪਰਮਜੋਤ ਸਿੰਘ, ਕੌਂਸਲਰ
49.	51	ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ
50.	53	ਸ਼੍ਰੀਮਤੀ ਰਜਨੀ ਬਾਹਰੀ, ਕੌਂਸਲਰ

51.	54	ਸ਼੍ਰੀਮਤੀ ਰੀਟਾ ਸ਼ਰਮਾ, ਕੌਂਸਲਰ
52.	55	ਸ਼੍ਰੀਮਤੀ ਵੰਦਨਾ, ਕੌਂਸਲਰ
53.	56	ਸ਼੍ਰੀ ਪੱਲੀ ਅੱਪਨ, ਕੌਂਸਲਰ
54.	58	ਸ਼੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ
55.	59	ਸ਼੍ਰੀਮਤੀ ਰੀਨਾ, ਕੌਂਸਲਰ
56.	60	ਸ਼੍ਰੀ ਅਵਤਾਰ ਸਿੰਘ, ਕੌਂਸਲਰ
57.	62	ਸ੍ਰੀ ਦੀਪਕ ਸ਼ਾਰਦਾ, ਕੌਂਸਲਰ
58.	64	ਸ਼੍ਰੀ ਸੁਸ਼ੀਲ ਕਾਲੀਆ, ਕੌਂਸਲਰ
59.	65	ਸ਼੍ਰੀਮਤੀ ਅੰਜਲੀ , ਕੌਂਸਲਰ
60.	66	ਸ਼੍ਰੀ ਦਵਿੰਦਰ ਸਿੰਘ, ਕੌਂਸਲਰ
61.	67	ਸ਼੍ਰੀਮਤੀ ਕਵਲਜੀਤ ਕੌਰ ਗੁੱਲ, ਕੌਂਸਲਰ
62.	68	ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲ ਕੰਠ, ਕੌਂਸਲਰ
63.	69	ਸ਼੍ਰੀਮਤੀ ਸਰਫੋ ਦੇਵੀ, ਕੌਂਸਲਰ
64.	70	ਸ਼੍ਰੀ ਗਿਆਨ ਚੰਦ, ਕੌਂਸਲਰ
65.	72	ਸ਼੍ਰੀ ਮਿੰਟੂ, ਕੌਂਸਲਰ
66.	73	ਸ਼੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ
67.	75	ਸ਼੍ਰੀਮਤੀ ਅਨੀਤਾ ਰਾਣੀ, ਕੌਂਸਲਰ
68.	76	ਸ਼੍ਰੀ ਲਖਵੀਰ ਸਿੰਘ, ਕੌਂਸਲਰ
69.	77	ਸ਼੍ਰੀਮਤੀ ਸ਼ਵੇਤਾ ਧੀਰ, ਕੌਂਸਲਰ
70.	78	ਸ਼੍ਰੀ ਜਗਦੀਸ਼ ਰਾਮ, ਕੌਂਸਲਰ
71.	79	ਸ਼੍ਰੀਮਤੀ ਜਸਪਾਲ ਕੌਰ ਨਾਗਰਾ, ਕੌਂਸਲਰ
72.	80	ਸ੍ਰੀ ਦੇਸ ਰਾਜ ਜੱਸਲ, ਕੌਂਸਲਰ

ਕੁਲ ਹਾਜ਼ਰ ਮੈਂਬਰ: 72

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.3.2018

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਵਲੋਂ ਸਮੂਹ ਹਾਊਸ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਨਗਰ ਨਿਗਮ ਜਲੰਧਰ ਦੀ ਅੱਜ ਦੀ ਹਾਊਸ ਦੀ ਮੀਟਿੰਗ ਵਿੱਚ ਮੈਂ ਨਗਰ ਨਿਗਮ ਕਮਿਸ਼ਨਰ ਸ੍ਰੀ ਬਸੰਤ ਗਰਗ ਜੀ, ਸੀਨਿਅਰ ਡਿਪਟੀ ਮੇਅਰ ਸ਼੍ਰੀਮਤੀ ਸੁਰਿੰਦਰ ਕੌਰ ਜੀ, ਡਿਪਟੀ ਮੇਅਰ ਸ੍ਰੀ ਹਰਸਿਮਰਨਜੀਤ ਬੰਟੀ ਜੀ, ਸਾਰੇ ਆਏ ਹੋਏ ਕੌਂਸਲਰ ਸਾਥੀਆਂ ਨੂੰ , ਮੀਡੀਆ ਤੋਂ ਆਏ ਹੋਏ ਨੁਮਾਇੰਦਿਆਂ ਨੂੰ ਜੀ ਆਇਆ ਆਖਦਾ ਹਾਂ । ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਕੁੱਝ ਮਹਾਨ ਸ਼ਖਸੀਅਤਾਂ ਜਿਹੜੀਆਂ ਸਾਡੇ ਤੋਂ ਪਿਛਲੇ ਦਿਨੀਂ ਵਿੱਛੜ ਗਈਆਂ ਹਨ, ਉਹਨਾਂ ਪ੍ਰਤੀ ਸੋਕ ਪ੍ਰਸਤਾਵ ਪਾਸ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਵਿੱਚ ਸ੍ਰੀ ਲਾਲ ਚੰਦ ਸ਼ਾਰਦਾ ਦਾਦਾ ਜੀ ਸ੍ਰੀ ਦੀਪਕ ਸ਼ਾਰਦਾ, ਕੌਂਸਲਰ, ਸ੍ਰੀ ਲਖਵਿੰਦਰ ਸਿੰਘ ਭਰਾ ਸ੍ਰੀਮਤੀ ਕਵਲਜੀਤ ਕੌਰ ਗੁੱਲੂ, ਕੌਂਸਲਰ, ਸ੍ਰੀ ਪ੍ਰਿਥਵੀ ਰਾਜ ਜੀ ਸ੍ਰੀ ਜਗਦੀਸ਼ ਸਮਰਾਏ, ਕੌਂਸਲਰ ਜੀ ਦੇ ਸਸੁਰ ਅਤੇ ਸ੍ਰੀ ਚੰਨਣ ਸਿੰਘ ਜਿਹੜੇ ਕਿ ਵਧੀਕ ਕਮਿਸ਼ਨਰ ਸ਼੍ਰੀ ਜਸਬੀਰ ਸਿੰਘ ਹੀਰ ਦੇ ਪਿਤਾ ਸਨ, ਸ਼ਾਮਲ ਹਨ ।ਇਸ ਤੋਂ ਇਲਾਵਾ ਸ੍ਰੀ ਬਲਰਾਜ ਠਾਕੁਰ, ਕੌਂਸਲਰ ਵਲੋਂ ਉਹਨਾਂ 39 ਭਾਰਤੀਯਾਂ ਪ੍ਰਤੀ ਸੋਕ ਪ੍ਰਸਤਾਵ ਪੇਸ਼ ਕੀਤਾ ਗਿਆ ਜਿਸ ਨੂੰ ਵਿਦੇਸ਼ ਮੰਤਰਾਲੇ ਵਲੋਂ ਸਵੀਕਾਰ ਕੀਤਾ ਗਿਆ ਕਿ ਇਰਾਕ ਵਿਖੇ ਆਈ.ਐਸ.ਆਈ.ਐਸ. ਹੱਥੋਂ ਸ਼ਹੀਦ ਹੋਏ ਸਨ ਜਿਨ੍ਹਾਂ ਵਿੱਚ ਪੰਜਾਬ ਅਤੇ ਜਲੰਧਰ ਦੇ ਨਾਗਰਿਕ ਵੀ ਸ਼ਾਮਲ ਹਨ। ਇਸ ਤੇ ਸਮੂਹ ਹਾਊਸ ਵਲੋਂ ਇਹਨਾਂ 39 ਭਾਰਤੀਯਾਂ ਪ੍ਰਤੀ ਵੀ ਸੋਕ ਪ੍ਰਸਤਾਵ ਦਾ ਸਮਰਥਨ ਕੀਤਾ । ਇਸ ਉਪਰੰਤ ਮੇਅਰ ਜੀ ਨੇ ਸਾਰਿਆਂ ਨੂੰ ਬੇਨਤੀ ਕੀਤੀ ਕਿ ਇਹਨਾਂ ਸ਼ਖਸੀਅਤਾਂ ਦੀ ਰੂਹ ਦੀ ਸ਼ਾਂਤੀ ਲਈ ਅਸੀਂ ਸਾਰੇ ਖੜੇ ਹੋ ਕੇ ਦੋ ਮਿੰਟ ਦਾ ਮੌਨ ਧਾਰਨ ਕਰੀਏ ।ਜਿਸ ਤੇ ਸਮੂਹ ਹਾਊਸ ਵਲੋਂ ਖੜੇ ਹੋ ਕੇ ਦੋ ਮਿੰਟ ਦਾ ਮੌਨ ਧਾਰਣ ਕੀਤਾ ਗਿਆ ।

ਇਸ ਉਪਰੰਤ ਮੇਅਰ ਜੀ ਵਲੋਂ ਆਦੇਸ਼ ਦਿੱਤੇ ਗਏ ਕਿ ਮੀਟਿੰਗ 10 ਮਿੰਟ ਲਈ ਮੁਲਤਵੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.3.2018

ਦੋਬਾਰਾ ਮੀਟਿੰਗ 3.30 ਵਜੇ ਸ਼ੁਰੂ ਹੋਈ ।ਸਭ ਤੋਂ ਪਹਿਲਾਂ ਮੇਅਰ ਜੀ ਨੇ ਬੀਤੇ ਦਿਨੀ ਗੁੱਜਾ ਪੀਰ ਵਿਖੇ ਅੱਗ ਬੁਝਾਉਣ ਵੇਲੇ ਫਾਇਰ ਬ੍ਰਿਗੇਡ ਦੇ ਤਿੰਨ ਕਰਮਚਾਰੀ ਸਰਵਸ੍ਰੀ ਵਿਪਨ ਕੁਮਾਰ, ਲੀਡਿੰਗ ਫਾਇਰਮੈਨ, ਸੁਰਿੰਦਰ ਕੁਮਾਰ, ਡਰਾਈਵਰ ਅਤੇ ਮਨਜਿੰਦਰਜੀਤ ਸਿੰਘ, ਫਾਇਰਮੈਨ ਬੁਰੀ ਤਰ੍ਹਾਂ ਨਾਲ ਅੱਗ ਵਿੱਚ ਝੁੱਲਸ ਗਏ ਸਨ ਤੇ ਹਸਪਤਾਲ ਵਿੱਚ ਦਾਖ਼ਲ ਹਨ । ਮੈਂ ਪਰਮਾਤਮਾ ਅੱਗੇ ਬੇਨਤੀ ਕਰਦਾ ਹਾਂ ਕਿ ਉਹ ਜਲਦ ਠੀਕ ਹੋਣ । ਉਹਨਾਂ ਦੇ ਇਲਾਜ ਲਈ ਤਿੰਨ ਲੱਖ ਰੁਪਏ ਅਡਵਾਂਸ ਵਜੋਂ ਦੇਣ ਲਈ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਖ਼ਰਚਾ ਮੰਜੂਰ ਕੀਤਾ ਹੈ ।ਇਸ ਉਪਰੰਤ ਮੇਅਰ ਜੀ ਨੇ ਜ਼ੀਰੋ ਆਵਰ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ।

ਸ੍ਰੀ ਪਰਮਜੀਤ ਸਿੰਘ ਰੇਰੂ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਦੇ ਇਲਾਕੇ ਰੇਰੂ ਪਿੰਡ ਵਿੱਚ ਟਿਊਬਵੈਲ ਲਗਾਉਣ ਲਈ ਵਰਕ ਆਰਡਰ ਹੋਇਆਂ 6-7 ਮਹੀਨੇ ਹੋ ਚੁੱਕੇ ਹਨ ਪਰ ਅਜੇ ਤੱਕ ਕੰਮ ਸ਼ੁਰੂ ਨਹੀਂ ਹੋਇਆ । ਹਰਗੋਬਿੰਦ ਨਗਰ ਦਾ ਟਿਊਬਵੈਲ ਫੇਲ ਹੋ ਚੁੱਕਾ ਹੈ ਅਤੇ ਉਸਦਾ ਤਖ਼ਮੀਨਾ ਬਨਵਾਇਆ ਗਿਆ ਹੈ ਜਿਸਦੇ ਟੈਂਡਰ ਜਲਦ ਲਗਾਏ ਜਾਣ । ਗਰਮੀਆਂ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ ਅਤੇ ਉਹ ਮੰਗ ਕਰਦੇ ਹਨ ਕਿ ਦੁਪਹਿਰ ਵੇਲੇ ਵੀ ਪਾਣੀ ਦੀ ਸਪਲਾਈ ਚਾਲੂ ਕੀਤੀ ਜਾਵੇ । ਉਹਨਾਂ ਨੇ ਪਹਿਲਾਂ ਵੀ ਕਿਹਾ ਸੀ ਕਿ ਉਹਨਾਂ ਦੇ ਇਲਾਕੇ ਵਿੱਚ ਪੈਂਦੇ ਸੀਵਰੇਜ਼ ਨੂੰ ਜੈਤੇਵਾਲੀ ਵੱਲ ਜਾਂਦੀ ਸੀਵਰੇਜ਼ ਲਾਈਨ ਨਾਲ ਜ਼ੋੜਿਆ ਜਾਵੇ । ਉਹਨਾਂ ਅੱਗੇ ਕਿਹਾ ਕਿ ਸੀਵਰੇਜ਼ ਦੀਆਂ ਸ਼ਕਾਇਤਾਂ ਦੂਰ ਕਰਨ ਵੇਲੇ ਮੁਲਾਜ਼ਮ ਲੋਕਾਂ ਤੋਂ ਪੈਸੇ ਦੀ ਮੰਗ ਕਰਦੇ ਹਨ । ਪਾਣੀ ਦੇ ਬਿਲ ਸਮੇਂ ਸਿਰ ਲੋਕਾਂ ਨੂੰ ਨਹੀਂ ਮਿਲਦੇ । ਮੁਆਫੀ ਅਧੀਨ ਪਾਣੀ ਦੇ ਬਿਲਾਂ ਨੂੰ ਵੀ ਲੋਕਾਂ ਨੂੰ ਭੇਜਿਆ ਜਾ ਰਿਹਾ ਹੈ । ਉਹਨਾਂ ਦੇ ਵਾਰਡ ਦਾ ਜਿਹੜਾ ਓ ਐਂਡ ਐਮ ਦਾ 3.50 ਲੱਖ ਰੁਪਏ ਦਾ ਮੇਨਟੀਨੈਂਸ ਦਾ ਕੰਮ ਸੀ, ਉਸ ਦੀ ਡਿਟੇਲ ਦਿੱਤੀ ਜਾਵੇ ਕਿ ਕੰਮ ਕਿਥੇ ਕਿਥੇ ਹੋਇਆ ਹੈ ਕਿਉਂ ਜ਼ੋ ਨਾ ਤਾ ਉਹਨਾਂ ਪਾਸੋਂ ਸਰਟੀਫਿਕੇਟ ਲਿਆ ਗਿਆ ਹੈ ਤੇ ਨਾ ਹੀ ਉਹਨਾਂ ਨੂੰ ਇਹ ਪਤਾ ਹੈ ਕਿ ਕੰਮ ਕਿਥੇ ਹੋਇਆ ਹੈ । ਉਹਨਾਂ ਅੱਗੇ ਕਿਹਾ ਕਿ ਹੁਣੇ ਡੇਲੀ ਸੰਵਾਦ ਵੈਬ ਪੋਰਟਲ ਤੇ ਆਈ ਖ਼ਬਰ ਤੋਂ ਪਤਾ ਲੱਗਾ ਹੈ ਕਿ ਨਰਿੰਦਰ ਸਿਨੇਮੇ ਨੇੜੇ ਨਜਾਇਜ਼ ਤੌਰ ਤੇ ਸੀਵਰੇਜ਼ ਦੀ ਪਾਈਪ ਬਿਛਾਈ ਜਾ ਰਹੀ ਹੈ ਜਿਸ ਨਾਲ ਨਗਰ ਨਿਗਮ ਨੂੰ 5 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ । ਇਸ ਤੇ ਮੇਅਰ ਜੀ ਨੇ ਦੱਸਿਆ ਕਿ ਜਿਵੇਂ ਹੀ ਇਸ ਬਾਰੇ ਉਹਨਾਂ ਨੂੰ ਪਤਾ ਲੱਗਾ ਤਾਂ ਸ੍ਰੀਮਤੀ ਡੋਲੀ ਸੈਣੀ, ਕੌਂਸਲਰ ਅਤੇ ਐਸ.ਈ. (ਓ ਐਂਡ ਐਮ) ਨੂੰ ਨਾਲ ਲੈ ਕੇ ਉਹ ਮੌਕਾ ਵੇਖ ਆਏ ਹਨ ਅਤੇ ਉਥੋਂ ਸਮਾਨ ਚੁੱਕਵਾ ਲਿਆ ਗਿਆ ਹੈ ਅਤੇ ਲੇਬਰ ਨੂੰ ਵੀ ਪੁਲਿਸ ਹਿਰਾਸਤ ਵਿੱਚ ਲਿਆ ਹੈ ।ਜੋ ਵੀ ਕਾਰਵਾਈ ਬਣਦੀ ਹੈ, ਕੀਤੀ ਜਾਵੇਗੀ ।

ਸ੍ਰੀ ਮਨਜਿੰਦਰ ਸਿੰਘ ਚੱਠਾ, ਕੌਂਸਲਰ ਵਲੋਂ ਆਪਣੇ ਇਲਾਕੇ ਵਿੱਚ ਪੈਂਦੇ ਅਵਤਾਰ ਨਗਰ ਵਿਖੇ ਡੰਪ ਦਾ ਮੁੱਦਾ ਉਠਾਇਆ ਗਿਆ ਅਤੇ ਕਿਹਾ ਕਿ ਗਰਮੀਆਂ ਦਾ ਮੌਸਮ ਆ ਰਿਹਾ ਹੈ, ਜਲਦ ਇਸ ਡੰਪ ਦੀ ਸੱਮਸਿਆ ਨੂੰ ਹਲ ਕੀਤਾ ਜਾਵੇ । ਇਸ ਤੋਂ ਇਲਾਵਾ ਉਹਨਾਂ ਮੀਟਿੰਗ ਹਾਲ ਦਾ ਮੁੱਦਾ ਉਠਾਂਉਦੇ ਕਿਹਾ ਕਿ ਹਾਲ ਨੂੰ ਵੱਡਾ ਕੀਤਾ ਜਾਵੇ ਤਾਂ ਜ਼ੋ ਸਾਰੇ ਕੌਂਸਲਰ, ਅਫਸਰ ਅਤੇ ਮੀਡਿਆ ਦੇ ਨੁਮਾਇੰਦੇ ਸਹੀ ਢੰਗ ਨਾਲ ਹਾਊਸ ਦੀ ਕਾਰਵਾਈ ਵੇਖ ਸਕਣ । ਇਸ ਤੇ ਮੇਅਰ ਜੀ ਨੇ ਦੱਸਿਆ ਕਿ ਹਾਲ ਦੀ ਰੀ-ਡੀਜ਼ਾਇਨਿੰਗ ਬਾਰੇ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ ਅਤੇ ਜਲਦ ਹੀ ਫਾਇਨਲ ਕਰਕੇ ਇਸ ਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ ।

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ ਵਲੋਂ ਕਿਹਾ ਗਿਆ ਕਿ ਵਾਰ ਵਾਰ ਕਹਿਣ ਤੇ ਵੀ ਉਹਨਾਂ ਦੇ ਇਲਾਕੇ ਦੇ ਕੰਮ ਨਹੀਂ ਹੋ ਰਹੇ ਜਿਵੇਂ ਕਿ ਸੀਵਰੇਜ਼ ਵਿੱਚੋਂ ਗਾਰ ਕੱਢਣ ਦਾ ਕੰਮ, ਕੂੜਾ ਟਾਈਮ ਸਿਰ ਨਾ ਚੁੱਕਣ ਦਾ ਕੰਮ, ਸਫਾਈ ਆਦਿ । ਇਸ ਤੋਂ ਇਲਾਵਾ ਉਹਨਾਂ ਬਰਲਟਰਨ ਪਾਰਕ ਸਪੋਰਟਸ ਹੱਬ ਦਾ ਵੀ ਮੁੱਦਾ ਉਠਾਇਆ । ਉਹਨਾਂ ਗਲੋਬਲ ਵਾਰਮਿੰਗ ਦਾ ਮੁੱਦਾ ਵੀ ਉਠਾਇਆ ਅਤੇ ਸ਼ਹਿਰ ਅੰਦਰ ਗਰੀਨਰੀ ਨੂੰ ਵਧਾਉਣ ਲਈ ਸੁਝਾਓ ਦਿੱਤਾ ਤਾਂ ਜ਼ੋ ਸ਼ਹਿਰਵਾਸੀਆਂ ਨੂੰ ਸਾਫ ਸੁਥਰੀ ਹਵਾ ਮਿਲ ਸਕੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.3.2018

ਇਸੇ ਦੌਰਾਣ ਸ੍ਰੀ ਮਨਮੋਹਨ ਰਾਜੂ, ਕੌਂਸਲਰ ਵਲੋਂ ਮੇਅਰ ਜੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਤੁਸੀਂ ਵਿਰੋਧੀ ਧਿਰ ਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਜਿਹੜਾ ਕਿ ਪਿਛਲੇ ਹਾਊਸ ਵਿੱਚ ਨਹੀਂ ਸੀ ਦਿੱਤਾ ਜਾਂਦਾ ।

ਸ੍ਰੀਮਤੀ ਸ਼ੈਲੀ ਖੰਨਾ, ਕੌਂਸਲਰ ਵਲੋਂ ਉਹਨਾਂ ਦੇ ਵਾਰਡ ਵਿੱਚ ਐਲ.ਈ.ਡੀ. ਲਾਈਟਾਂ ਲਗਾਉਣ ਵੇਲੇ ਉਹਨਾਂ ਨੂੰ ਨਾ ਬੁਲਾਏ ਜਾਣ ਤੇ ਨਾਰਾਜ਼ਗੀ ਪ੍ਰਗਟਾਈ ਗਈ ਜਿਸ ਤੇ ਮੇਅਰ ਜੀ ਨੇ ਦੱਸਿਆ ਕਿ ਮੈਂ ਉਥੇ ਵੀ ਲਾਈਟਾਂ ਲਗਵਾ ਦਿੱਤੀਆਂ ਜਿੱਥੇ ਨਗਰ ਨਿਗਮ ਦੀ ਡਿਊਟੀ ਨਹੀਂ ਸੀ । ਇਸ ਥਾਂ ਤੇ 1.75 ਕਰੋੜ ਰੁਪਏ ਨਾਲ ਐਲ.ਈ.ਡੀ. ਲਾਈਟਾਂ ਲਗਵਾਈਆਂ ਜਾ ਰਹੀਆਂ ਹਨ ।

ਸ੍ਰੀਮਤੀ ਜਸਪਾਲ ਕੌਰ ਭਾਟੀਆ, ਕੌਂਸਲਰ ਵਲੋਂ ਮੇਅਰ ਜੀ ਨੂੰ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੀ ਮੀਟਿੰਗ ਵਿੱਚ ਤੁਹਾਡੇ ਵਲੋਂ ਕੀਤਾ ਵਾਅਦਾ ਨਿਭਾ ਕੇ ਤੁਸੀਂ ਡਾਗ ਕੈਚਰ ਉਹਨਾਂ ਦੇ ਵਾਰਡ ਵਿੱਚ ਭੇਜੇ ਪਰ ਹਾਲੇ ਵੀ ਇਹ ਕੰਮ ਸੰਤੋਸ਼ਜਨਕ ਨਹੀਂ ਹੈ । ਇਸ ਤੋਂ ਇਲਾਵਾ ਬਸਤੀ ਨੌ ਵਿਖੇ ਬਰਫ ਵਾਲੇ ਕਾਰਖਾਨੇ ਤੋਂ ਬਬਰੀਕ ਚੌਂਕ ਤੱਕ ਜਾਂਦੀ ਸੜਕ ਤੇ 6 ਕੂੜੇ ਦੇ ਡੰਪ ਹਨ ਜਿੱਥੇ ਮੰਦਰ, ਗੁਰੂਦੁਆਰਾ ਅਤੇ ਸਕੂਲ ਪੈਂਦੇ ਹਨ ।ਉਹ ਮੰਗ ਕਰਦੇ ਹਨ ਕਿ ਇਹਨਾਂ ਡੰਪਾਂ ਵਿੱਚੋਂ 2-3 ਡੰਪ ਪੂਰੀ ਤਰ੍ਹਾਂ ਹਟਵਾ ਦਿੱਤੇ ਜਾਣ ਅਤੇ ਬਾਕੀ ਦੇ ਡੰਪਾਂ ਤੇ ਨਾਲ ਦੇ ਨਾਲ ਸਫਾਈ ਯਕੀਨੀ ਬਣਾਈ ਜਾਵੇ ।ਇਸ ਤੋਂ ਇਲਾਵਾ ਉਹਨਾਂ ਦੱਸਿਆ ਕਿ ਉਹਨਾਂ ਦੇ ਵਾਰਡ ਦਾ ਇੱਕ ਕੰਮ ਜਿਹੜਾ ਕਿ 10.59 ਲੱਖ ਰੁਪਏ ਦਾ ਸੀ ਅਜੇ ਤੱਕ ਨਹੀਂ ਹੋਇਆ । ਉਹਨਾਂ ਅੱਗੇ ਕਿਹਾ ਕਿ ਬਸਤੀ ਬਾਵਾ ਖੇਲ ਦੀ ਸੈਂਟਰਲ ਵਰਜ ਵਿੱਚ ਜਿਹੜੇ ਪੌਦੇ ਲਗਾਏ ਗਏ ਹਨ ਕੀ ਉਹ ਕਿਸੇ ਐਨ.ਜੀ.ਓ. ਨੇ ਲਗਵਾਏ ਹਨ ਜਾਂ ਨਗਰ ਨਿਗਮ ਨੇ । ਉਹ ਮੰਗ ਕਰਦੇ ਹਨ ਕਿ ਅਜਿਹੇ ਪੌਦੇ 120 ਫੁੱਟੀ ਸੜਕ ਦੀ ਸੈਂਟਰਲ ਵਰਜ ਤੇ ਵੀ ਲਗਵਾਏ ਜਾਣ। ਇਸ ਤੇ ਮੇਅਰ ਜੀ ਨੇ ਉਹਨਾ ਨੂੰ ਆਪਣੇ ਦਫ਼ਤਰ ਆ ਕੇ ਦੱਸਣ ਦੀ ਹਦਾਇਤ ਕੀਤੀ ।

ਸ੍ਰੀ ਬਲਰਾਜ ਠਾਕੁਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਕਾਫੀ ਸਮਾਂ ਪਹਿਲਾਂ ਸੀਵਰੇਜ਼ ਦੀ ਸਮੱਸਿਆ ਦੀ ਜੜ ਡੈਅਰੀਆਂ ਸਨ, ਜਿਨ੍ਹਾਂ ਨੂੰ ਸ਼ਹਿਰ ਅੰਦਰੋਂ ਸ਼ਿਫਟ ਕੀਤਾ ਜਾ ਚੁੱਕਾ ਹੈ । ਅੱਜ ਵੀ ਹਰ ਵਾਰਡ ਵਿੱਚ ਸੀਵਰੇਜ਼ ਬਲਾਕੇਜ਼ ਦੀ ਸਮੱਸਿਆਵਾਂ ਹਨ ਜਿਸਦਾ ਮੁੱਖ ਕਾਰਣ ਇਹ ਹੈ ਕਿ ਸੜਕਾਂ ਬਨਾਉਣ ਵੇਲੇ ਜਿਹੜੀਆਂ ਰੋਡ ਗਲੀਆਂ ਬਨਾਈਆਂ ਜਾਂਦੀਆਂ ਹਨ, ਉਹਨਾਂ ਦੇ ਕੁਨੈਕਸ਼ਨ ਸੀਵਰੇਜ਼ ਦੀਆਂ ਲਾਈਨਾਂ ਨਾਲ ਕਰ ਦਿੱਤੇ ਜਾਂਦੇ ਹਨ । ਜਦ ਬਰਸਾਤਾਂ ਹੁੰਦੀਆਂ ਹਨ ਤਾਂ ਬਰਸਾਤੀ ਪਾਣੀ ਦੌਰਾਣ ਸੜਕਾਂ ਦੀ ਮਿੱਟੀ ਇਨਾਂ ਰੋਡ ਗਲੀਆਂ ਰਾਹੀਂ ਸੀਵਰੇਜ਼ ਵਿੱਚ ਜਾਂਦੀ ਹੈ ਜਿਸ ਕਰਕੇ ਸੀਵਰੇਜ਼ ਬਲਾਕੇਜ਼ ਦੀ ਸਮੱਸਿਆ ਪੈਦਾ ਹੁੰਦੀ ਹੈ । ਉਹਨਾਂ ਕਿਹਾ ਕਿ ਜਿਹੜਾ ਸਟਾਰਮ ਸੀਵਰ ਜਯੋਤੀ ਚੌਂਕ ਤੋਂ ਨਕੋਦਰ ਰੋਡ ਵਿਖੇ ਖਾਲਸਾ ਸਕੂਲ ਤੱਕ, ਕੂਲ ਰੋਡ ਤੋਂ ਅਰਬਨ ਅਸਟੇਟ ਫੇਸ -2 ਤੱਕ, ਕਪੂਰਥਲਾ ਰੋਡ ਤੋਂ ਡਾ:ਬੀ.ਆਰ.ਅੰਬੇਡਕਰ ਚੌਂਕ ਤੱਕ ਅਤੇ ਫੇਸ-2 ਤੋਂ ਗੰਦੇ ਨਾਲ ਤੱਕ ਦਾ ਕੀ ਸਟੇਟਸ ਹੈ, ਬਾਰੇ ਦੱਸਿਆ ਜਾਵੇ । ਇਸ ਬਰਸਾਤੀ ਨਾਲੇ ਵਿੱਚ ਕਿਹੜੇ ਕਿਹੜੇ ਇਲਾਕਿਆਂ ਦੇ ਸੀਵਰੇਜ਼ ਨੂੰ ਪਾਇਆ ਗਿਆ ਹੈ ਬਾਰੇ ਦੱਸਿਆ ਜਾਵੇ । ਉਹਨਾਂ ਅੱਗੇ ਕਿਹਾ ਕਿ ਸੈਂਟਰਲ ਗਰਾਉਂਡ ਵਾਟਰ ਬੋਰਡ ਵਲੋਂ ਜਲੰਧਰ ਸ਼ਹਿਰ ਨੂੰ ਡਾਰਕ ਜ਼ੋਨ ਡਿਕਲੇਅਰ ਕੀਤਾ ਹੈ ਅਤੇ ਕਿਹਾ ਹੈ ਕਿ ਅਗਲੇ 5 ਸਾਲਾਂ ਤੱਕ ਪੀਣ ਵਾਲੇ ਪਾਣੀ ਦੀ ਬਹੁਤ ਮਾੜੀ ਹਾਲ੍ਤ ਹੋ ਜਾਵੇਗੀ ।ਸ਼ਹਿਰ ਅੰਦਰ ਇਸ ਵੇਲੇ 523 ਟਿਊਬਵੈਲ ਚਲ ਰਹੇ ਹਨ ਅਤੇ ਕਈ ਪ੍ਰਾਈਵੇਟ ਟਿਊਬਵੈਲ ਵੀ ਹਨ । ਜਿਹੜਾ ਪ੍ਰੋਜੈਕਟ ਬਿਆਸ ਦਰਿਆ ਤੋਂ ਪਾਣੀ ਲਿਆਉਣ ਦਾ ਹੈ, ਉਹ ਸ਼ਲਾਘਾਯੋਗ ਹੈ ਪ੍ਰੰਤੂ ਇਸ ਵਿੱਚ ਅਜੇ ਕਾਫੀ ਸਮਾਂ ਲੱਗੇਗਾ ।ਜਿਹੜਾ ਬਸਤੀ ਪੀਰਦਾਦ ਵਿਖੇ ਟਰੀਟਮੈਂਟ ਪਲਾਂਟ ਲੱਗਾ ਹੈ ਉਸਦਾ ਟਰੀਟ ਕੀਤਾ ਹੋਇਆ ਪਾਣੀ ਮੁੜ੍ਹ ਗੰਦੇ ਨਾਲ ਵਿੱਚ ਜਾ ਰਿਹਾ ਹੈ ਜਦ ਕਿ ਜੇਕਰ ਇਸ ਪਾਣੀ ਨੂੰ ਲੈਦਰ ਕੰਪਲੈਕਸ ਨੂੰ ਦਿੱਤਾ ਜਾਵੇ ਤਾਂ ਪਾਣੀ ਦੀ ਕਾਫੀ ਬਚਤ ਹੋਵੇਗੀ । ਪੂਰੇ ਹਾਊਸ ਵਲੋਂ ਮੰਗ ਕੀਤੀ ਗਈ ਕਿ ਜਿਹੜਾ ਬਿਆਦ ਦਰਿਆ ਦੇ ਪਾਣੀ ਨੂੰ ਸ਼ਹਿਰ ਤੱਕ ਲਿਆਉਣ ਵਾਲਾ ਪ੍ਰੋਜੈਕਟ ਹੈ ਬਾਰੇ ਜਾਣਕਾਰੀ ਦਿੱਤੀ ਜਾਵੇ । ਮੇਅਰ ਜੀ ਨੇ ਇਸ ਸਬੰਧੀ ਇੱਕ ਵਰਕਸ਼ਾਪ ਆਯੋਜਿਤ ਕਰਨ ਦਾ ਭਰੋਸਾ ਦਿਵਾਇਆ ਅਤੇ ਕਿਹਾ ਕਿ ਸਮੂਹ ਕੌਂਸਲਰਾਂ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ ।

ਸ੍ਰੀ ਬਚਨ ਲਾਲ, ਕੌਂਸਲਰ ਵਲੋਂ ਕਿਹਾ ਗਿਆ ਕਿ ਭਾਰਗੋ ਕੈਂਪ ਵਿੱਚ ਇੱਕ ਹੀ ਵੱਡਾ ਪਾਰਕ ਹੈ ਅਤੇ ਇਸ ਦੇ ਨਾਲ ਲਗਦੇ ਵਾਰਡ ਨੰ: 34 ਅਤੇ 35 ਦੀ ਆਬਾਦੀ ਲਈ ਵੀ ਇੱਕ ਇਹੋ ਪਾਰਕ ਹੈ ਪਰ ਇਸ ਦੀ ਬਹੁਤ ਮਾੜੀ ਹਾਲ੍ਤ ਹੈ ਕਿਉਂ ਜ਼ੋ ਲੱਗਭਗ ਇੱਕ ਲੱਖ ਦੀ ਅਬਾਦੀ ਨੂੰ ਇਹੋ ਪਾਰਕ ਹੈ, ਇਸ ਲਈ ਇੱਥੇ ਮਾਲੀ ਦੀ ਵਿਵਸਥਾ ਕੀਤੀ ਜਾਵੇ ਅਤੇ ਸਾਫ-ਸਫਾਈ ਕਰਵਾਈ ਜਾਵੇ ।ਇਥੇ ਇੱਕ ਟੈਂਕੀ 67 ਲੱਖ ਰੁਪਏ ਖ਼ਰਚ ਕਰਕੇ ਬਨਵਾਈ ਗਈ ਹੈ ਪਰ 6 ਮਹੀਨੇ ਹੋ ਗਏ ਹਨ ਟਿਊਬਵੈਲ ਨਾ ਹੋਣ ਕਰਕੇ ਇਸ ਨੂੰ ਵਰਤੋਂ ਵਿੱਚ ਨਹੀਂ ਲਿਆਂਦਾ ਜਾ ਰਿਹਾ । ਇਸ ਦੇ ਟਿਊਬਵੈਲ ਦਾ ਜਲਦ ਟੈਂਡਰ ਲਗਾਇਆ ਜਾਵੇ ।

ਸ੍ਰੀਮਤੀ ਰੀਨਾ ਕੌਰ, ਕੌਂਸਲਰ ਨੇ ਕਿਹਾ ਕਿ ਐਸ.ਡੀ. ਪਬਲਿਕ ਸਕੂਲ ਨੇੜੇ ਪਾਰਕ ਹੈ ਜਿਸ ਦਾ ਕੋਈ ਕੰਮ ਨਹੀਂ ਹੋ ਰਿਹਾ । ਗੁਰੂ ਰਾਮ ਦਾਸ ਨਗਰ ਵਿਖੇ ਵਿਕਾਸ ਦੇ ਕੰਮ ਹੋਣ ਵਾਲੇ ਹਨ । ਰਾਧਾ ਸਵਾਮੀ ਸਤਸੰਗ ਘਰ ਤੋਂ ਲੰਮਾ ਪਿੰਡ ਵਲ ਜਾਂਦੀ ਸਰਵਿਸ ਲੇਨ ਤੋਂ ਨਜਾਇਜ ਕਬਜੇ ਹਨ, ਨੂੰ ਹਟਾਇਆ ਜਾਵੇ ਅਤੇ ਉਥੇ ਗਰੀਨ ਬੈਲਟ ਦੀ ਉਸਾਰੀ ਕਰਵਾਈ ਜਾਵੇ।

ਸ੍ਰੀਮਤੀ ਬਲਜਿੰਦਰ ਕੌਰ, ਕੌਂਸਲਰ ਵਲੋਂ ਕਿਹਾ ਗਿਆ ਕਿ ਉਹਨਾਂ ਦੇ ਵਾਰਡ ਦੇ ਕੋਈ ਕੰਮ ਨਹੀਂ ਹੋ ਰਹੇ ਅਤੇ ਸਫਾਈ ਦਾ ਬਹੁਤ ਮਾੜਾ ਹਾਲ ਹੈ ।

ਸ੍ਰੀਮਤੀ ਅੰਜਲੀ, ਕੌਂਸਲਰ ਵਲੋਂ ਕਿਹਾ ਗਿਆ ਕਿ ਸ੍ਰੀ ਗੁਰੂ ਰਵੀਦਾਸ ਮਾਹਰਾਜ ਗੁਰਦੁਆਰਾ ਗੋਪਾਲ ਨਗਰ ਵਿਖੇ ਸੀਵਰੇਜ਼ ਦੀ ਗਾਰ ਦੀ ਬਹੁਤ ਵੱਡਾ ਸੱਮਸਿਆ ਹੈ ।ਇਸ ਬਾਰੇ 17 ਫਰਵਰੀ ਤੋਂ ਉਹਨਾਂ ਦੀ ਸ਼ਿਕਾਇਤ ਲੰਬਤ ਪਈ ਹੈ ਪਰ ਕੋਈ ਅਧਿਕਾਰੀ ਇਸ ਵੱਲ ਧਿਆਨ ਨਹੀਂ ਦੇ ਰਿਹਾ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.3.2018

ਸ੍ਰੀ ਦਵਿੰਦਰ ਸਿੰਘ ਰੋਨੀ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਵਿੱਚ ਸਾਂਈਦਾਸ ਸਕੂਲ ਦੀ ਗਰਾਉਂਡ ਨੇੜੇ ਇੱਕ ਡੰਪ ਹੈ, ਜਿੱਥੇ ਦੋ-ਤਿੰਨ ਵਾਰਡਾਂ ਦਾ ਕੂੜਾ ਸੁੱਟਿਆ ਜਾਂਦਾ ਹੈ ਜਿਸ ਕਰਕੇ ਇੱਥੇ ਕਈ ਕਈ ਦਿਨ ਕੂੜੇ ਦੀ ਲਿਫਟਿੰਗ ਨਹੀਂ ਹੁੰਦੀ । ਇਹ ਡੰਪ ਹਟਵਾਇਆ ਜਾਵੇ । ਇਸ ਤੋਂ ਇਲਾਵਾ ਸਾਈਂ ਦਾਸ ਸਕੂਲ ਤੋਂ ਗਾਜ਼ੀ ਗੁੱਲਾ ਵੱਲ ਜਾਂਦੀ ਸੜਕ ਦਾ ਬਹੁਤ ਮਾੜਾ ਹਾਲ ਹੈ, ਇਸ ਨੂੰ ਤੁਰੰਤ ਰਿਪੇਅਰ ਕਰਵਾਇਆ ਜਾਵੇ । ਉਹਨਾਂ ਸੀਵਰੇਜ਼ ਦੀ ਸੱਮਸਿਆ ਵੀ ਉਠਾਈ ਅਤੇ ਮੰਗ ਕੀਤੀ ਕਿ 2-3 ਸੀਵਰਮੈਨ ਦਿੱਤੇ ਜਾਣ । ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਦਫ਼ਤਰ ਆ ਕੇ ਦੱਸਣ ਦੀ ਹਦਾਇਤ ਕੀਤੀ ।

ਸ੍ਰੀ ਰੋਹਣ ਸਹਿਗਲ, ਕੌਂਸਲਰ ਵਲੋਂ ਕਿਹਾ ਗਿਆ ਓਹਨਾਂ ਦੇ ਵਾਰਡ ਵਿੱਚ ਜ਼ੋਹਲ ਮਾਰਕਿਟ ਤੋਂ ਅਰਬਨ ਅਸਟੇਟ ਲਾਈਟਾਂ ਵਾਲੇ ਚੌਂਕ ਤੱਕ ਜਾਂਦੀ ਸੜਕ ਦੇ ਵਿਚਕਾਰ ਖਾਲੀ ਪਲਾਟਾਂ ਤੇ ਕੂੜੇ ਦੇ ਢੇਰ ਲੱਗੇ ਹੋਏ ਹਨ ਪਰ ਕੋਈ ਅਧਿਕਾਰੀ ਇਸ ਵੱਲ ਧਿਆਨ ਨਹੀਂ ਦੇ ਰਿਹਾ ਹੈ । ਉਹਨਾਂ ਕਿਹਾ ਕਿ ਇਸ ਬਾਰੇ ਇੱਕ ਟੀਮ ਬਨਾਈ ਜਾਵੇ ਅਤੇ ਉਹਨਾਂ ਨੂੰ ਉਸ ਟੀਮ ਦੀ ਜਾਣਕਾਰੀ ਦਿੱਤੀ ਜਾਵੇ ਅਤੇ ਜੇਕਰ ਕੰਮ ਨਹੀਂ ਹੁੰਦਾ ਤਾਂ ਉਸ ਟੀਮ ਦੇ ਅਧਿਕਾਰੀਆਂ ਦੀ ਜਿੰਮੇਵਾਰੀ ਮੁੱਕਰਰ

ਕੀਤੀ ਜਾਵੇ । ਉਹਨਾਂ ਕਿਹਾ ਕਿ ਸਟਰੀਟ ਲਾਈਟ ਮਰਕਰੀ ਲੈਂਪਾਂ ਨੰ ਐਲ.ਈ.ਡੀ. ਲਾਈਟਾਂ ਵਿੱਚ ਕਨਵਰਟ ਕਰਨ ਵਿੱਚ ਪਾਰਸ਼ਿਅਲਟੀ ਕੀਤੀ ਜਾ ਰਹੀ ਹੈ । ਉਹ ਮੰਗ ਕਰਦੇ ਹਨ ਕਿ 80 ਵਾਰਡਾਂ ਵਿੱਚ ਥੋੜਾ ਥੋੜਾ ਹੀ ਸਹੀ, ਇਹ ਲਾਈਟਾਂ ਲਗਵਾਈਆਂ ਜਾਣ । ਉਹਨਾਂ ਅੱਗੇ ਕਿਹਾ ਕਿ ਮਾਡਲ ਟਾਊਨ ਮਾਰਕਿਟ ਵਿੱਚ ਜਿਹੜੇ ਐਡਵਰਟਾਈਜ਼ਮੈਂਟ ਕਰਕੇ ਯੂਨੀਪੋਲ ਲੱਗੇ ਹਨ, ਉਹਨਾਂ ਪਾਸੋਂ ਲਿਤੀ ਜਾ ਰਹੀ ਫੀਸ ਬਾਰੇ ਦੱਸਿਆ ਜਾਵੇ । ਇਸ ਤੋਂ ਇਲਾਵਾ ਉਥੇ ਐਡਵਰਟਾਈਜ਼ਮੈਂਟ ਸਬੰਧੀ ਵੈਨਾਂ ਵੀ ਚਲ ਰਹੀਆਂ ਹਨ ਅਤੇ ਇਸ ਦੇ ਸਬੂਤ ਵਜੋਂ ਉਹਨਾਂ ਉਸਦੀਆਂ ਕਾਪੀਆਂ ਮੇਅਰ ਜੀ ਨੂੰ ਪੇਸ਼ ਕੀਤੀਆਂ । ਮੇਅਰ ਜੀ ਨੇ ਇਸ ਸਬੰਧੀ ਸਬੰਧਤ ਵਿਭਾਗ ਨੂੰ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ।

ਸ੍ਰੀਮਤੀ ਕਵਲਜੀਤ ਕੌਰ ਗੁੱਲੂ, ਕੌਂਸਲਰ, ਵਲੋਂ ਕਿਹਾ ਗਿਆ ਕਿ ਉਹਨਾਂ ਦੇ ਵਾਰਡ ਵਿੱਚ ਸਫਾਈ ਦਾ ਬਹੁਤ ਮਾੜਾ ਹਾਲ ਹੈ, ਸੀਵਰੇਜ਼ ਬੰਦ ਪਏ ਹਨ ਅਤੇ ਗੰਦਾ ਪਾਣੀ ਆ ਰਿਹਾ ਹੈ ਪਰ ਕੋਈ ਅਧਿਕਾਰੀ ਉਹਨਾਂ ਦੀਆਂ ਸ਼ਕਾਇਤਾਂ ਦੀ ਸੁਣਵਾਈ ਨਹੀਂ ਕਰ ਰਹੇ ।

ਸ੍ਰੀਮਤੀ ਕਮਲੇਸ਼ ਗਰੋਵਰ, ਕੌਂਸਲਰ ਨੇ ਕਿਹਾ ਕਿ ਮੰਗੂ ਬਸਤੀ, ਸੰਤ ਨਗਰ ਅਤੇ ਤੇਜ਼ ਮੋਹਣ ਨਗਰ ਦੀਆਂ ਸੜਕਾਂ ਛੋਟੀਆਂ ਹਨ । ਇਨ੍ਹਾਂ ਇਲਾਕਿਆ ਵਿਚ ਸੀਵਰੇਜ਼ ਦੀ ਸਮੱਸਿਆ ਬਹੁਤ ਹੈ । ਛੋਟੀ ਗੱਡੀ ਭੇਜ਼ ਕੇ ਸੀਵਰੇਜ਼ ਦੀ ਸਫਾਈ ਕਰਵਾਈ ਜਾਵੇ । ਸਟਰੀਟ ਲਾਈਟ ਠੇਕੇਦਾਰ ਕੰਮ ਨਹੀਂ ਕਰ ਰਿਹਾ ਅਤੇ ਪੁੱਛਣ ਤੇ ਜਵਾਬ ਮਿਲਦਾ ਹੈ ਕਿ ਉਸਨੂੰ ਅਦਾਇਗੀ ਨਹੀਂ ਹੋ ਰਹੀ । ਇਸ ਬਾਰੇ ਜਲਦ ਕਾਰਵਾਈ ਕੀਤੀ ਜਾਵੇ ।

ਸ੍ਰੀਮਤੀ ਬਿਮਲਾ ਰਾਣੀ, ਕੌਂਸਲਰ ਵਲੋਂ ਭਾਟੜਿਆਂ ਮੁੱਹਲਾ ਵਿਖੇ ਗੰਦਾ ਪਾਣੀ ਆਉਣ ਦੀ ਸਮੱਸਿਆ ਉਠਾਈ ਗਈ ।

ਜ਼ਿਆਦਾਤਰ ਕੌਂਸਲਰਾਂ ਵਲੋਂ ਗੰਦਾ ਪਾਣੀ ਆਉਣ ਦੀਆਂ ਸਮੱਸਿਆ ਉਠਾਉਦਿਆਂ ਵੇਖ ਕੇ ਮੇਅਰ ਜੀ ਨੇ ਕਿਹਾ ਕਿ ਇਹ ਗੱਲ ਬਿਲਕੁਲ ਠੀਕ ਹੈ ਕਿ ਸ਼ਹਿਰ ਅੰਦਰ ਲਗਭਗ 100 ਮੁਹੱਲਿਆਂ ਵਿੱਚ ਗੰਦੇ ਪਾਣੀ ਆਉਂਣ ਦੀਆਂ ਸ਼ਕਾਇਤਾਂ ਆ ਰਹੀਆਂ ਹਨ । ਇਸ ਬਾਰੇ ਉਹ ਜਲਦ ਅਧਿਕਾਰੀਆਂ ਨੂੰ ਨਾਲ ਲੈ ਕੇ ਬਣਦੀ ਕਾਰਵਾਈ ਸ਼ੁਰੂ ਕਰਵਾਉਣਗੇ ।

ਸ੍ਰੀ ਬਲਜੀਤ ਸਿੰਘ ਪ੍ਰਿੰਸ, ਕੌਂਸਲਰ, ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਪੈਂਦੇ ਇਲਾਕੇ ਅਰਜਨ ਨਗਰ ਦੀ ਸੜਕ 5 ਮਹੀਨੇ ਪਹਿਲਾਂ ਬਣੀ ਸੀ ਅਤੇ ਦੋਬਾਰਾ ਬਨਣ ਵਾਲੀ ਹੋ ਗਈ ਹੈ । ਇਸ ਤੇ ਮੇਅਰ ਜੀ ਨੇ ਉਹਨਾਂ ਨੂੰ ਭਰੋਸਾ ਦਵਾਇਆ ਕਿ ਉਹ ਖੁਦ ਇਸ ਦੀ ਪੜਤਾਲ ਕਰਵਾਉਣਗੇ ।ਸ੍ਰੀ ਪ੍ਰਿੰਸ ਵਲੋਂ ਪ੍ਰਾਪਰਟੀ ਟੈਕਸ ਸਬੰਧੀ ਮੁੱਦਾ ਉਠਾਇਆ ਕਿ ਮੇਅਰ ਜੀ ਅਤੇ ਬਾਕੀ ਦੇ ਵਿਧਾਇਕ ਪ੍ਰਾਪਰਟੀ ਟੈਕਸ ਮੁਆਫ ਕਰਨ ਦੀ ਗੱਲ ਕਰਦੇ ਸਨ, ਉਸ ਬਾਰੇ ਜਵਾਬ ਦਿੱਤਾ ਜਾਵੇ। ਇਸ ਗੱਲ ਤੇ ਸੱਤਾ ਧਿਰ ਅਤੇ ਵਿਰੋਧੀ ਧਿਰ ਨੇ ਖੜੇ ਹੋ ਕੇ ਰੋਲਾ-ਰੱਪਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਕਾਫੀ ਦੇਰ ਇਸੇ ਮੁੱਦੇ ਤੇ ਮੀਟਿੰਗ ਵਿੱਚ ਹੰਗਾਮਾ ਹੁੰਦਾ ਰਿਹਾ । ਜਿਸ ਤੇ ਮੇਅਰ ਜੀ ਨੇ ਕਿਹਾ ਕਿ ਪ੍ਰਾਪਰਟੀ ਟੈਕਸ ਕੇਂਦਰ ਸਰਕਾਰ ਦੀ ਦੇਣ ਹੈ ਕਿਉਂ ਜ਼ੋ ਉਹਨਾਂ ਸ਼ਹਿਰਾਂ ਨੂੰ ਗ੍ਰਾਂਟ ਜਾਰੀ ਕਰਨ ਲਈ ਇਹ ਸ਼ਰਤ ਰੱਖੀ ਹੋਈ ਸੀ । ਅਸੀਂ ਫਿਰ ਵੀ ਇਸ ਬਾਰੇ ਜ਼ਰੂਰ ਸੋਚਾਂਗੇ । ਪ੍ਰੰਤੂ ਤੁਹਾਨੂੰ ਵੀ ਪਤਾ ਹੀ ਹੈ ਕਿ ਜਦ ਇਸ ਹਾਊਸ ਨੇ ਸਹੁੰ ਚੁੱਕੀ ਸੀ ਤਾਂ ਨਿਗਮ ਦੇ ਖ਼ਜਾਨਾ ਖਾਲੀ ਦਿੱਤਾ ਸੀ । ਅੱਜ ਅਸੀਂ ਮੁਲਾਜ਼ਮਾਂ ਨੂੰ ਤਨਖ਼ਾਹਾਂ ਵੀ ਨਹੀਂ ਦੇ ਪਾ ਰਹੇ । ਵਿੱਤੀ ਸੰਕਟ ਬਹੁਤ ਹੈ । ਕਿਸੇ ਵਜਾ ਨਾਲ ਜਿਹੜੇ ਕੰਮ ਨਹੀਂ ਹੋਏ ਅਸੀਂ ਰਲ ਕੇ ਕਰਾਂਗੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.3.2018

ਸ੍ਰੀ ਨਿਰਮਲ ਸਿੰਘ, ਕੌਂਸਲਰ ਵਲੋਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਵਿਰੋਧੀ ਧਿਰ ਦੀਆਂ ਗੱਲਾਂ ਸੁਣ ਰਹੇ ਹੋ ਜਿਸ ਕਰਕੇ ਤੁਹਾਨੂੰ ਵਧਾਈ ਦਿੱਤੀ ਜਾਂਦੀ ਹੈ ਜਦ ਕਿ ਪਹਿਲਾਂ ਵਿਰੋਧੀ ਧਿਰ ਨੂੰ ਸੁੰਣਿਆ ਹੀ ਨਹੀਂ ਜਾਂਦਾ ਸੀ। ਤੁਹਾਨੂੰ ਆਇਆਂ ਅਜੇ ਦੋ ਮਹੀਨੇ ਹੀ ਹੋਏ ਹਨ ਅਤੇ ਜਿੰਨੇ ਵੀ ਕੌਂਸਲਰਾਂ ਵਲੋਂ ਮੁੱਦੇ ਉਠਾਏ ਜਾ ਰਹੇ ਹਨ, ਉਸ ਤੋਂ ਸਾਬਤ ਹੁੰਦਾ ਹੈ ਕਿ ਪਿਛਲੇ 10 ਸਾਲਾਂ ਵਿੱਚ ਸ਼ਹਿਰ ਅੰਦਰ ਕੋਈ ਕੰਮ ਨਹੀਂ ਹੋਇਆ ਤੇ ਅੱਜ ਵਿਰੋਧੀ ਧਿਰ ਦੋ ਮਹੀਨਿਆਂ ਵਿੱਚ ਹੀ ਤੁਹਾਨੂੰ ਸ਼ਕਾਇਤਾਂ ਦੇ ਢੇਰ ਸੁਣਾਈ ਜਾ ਰਹੇ ਹਨ ।ਅਸੀਂ ਇਹਨਾਂ ਨੂੰ ਦੋ ਸਾਲ ਬਾਅਦ ਦਸਾਂਗੇ ਕਿ ਵਿਕਾਸ ਦੇ ਕੰਮ ਕਿਵੇਂ ਹੁੰਦੇ ਹਨ । ਇਹਨਾਂ ਨੇ ਤਾਂ 10 ਸਾਲਾਂ ਵਿੱਚ ਸ਼ਹਿਰ ਦਾ ਬੇੜਾ ਗਰਕ ਕੀਤਾ ਹੈ ।

ਸ੍ਰੀ ਪਵਨ ਕੁਮਾਰ, ਕੌਂਸਲਰ ਵਲੋਂ ਕਿਹਾ ਗਿਆ ਕਿ ਉਹ ਪਿਛਲੇ ਹਾਊਸ ਦੀਆਂ ਮੀਟਿੰਗਾਂ ਵਿੱਚ ਕਈ ਵਾਰ ਉਹਨਾਂ ਦੇ ਇਲਾਕੇ ਵਿੱਚ ਪੈਂਦੀ ਹੱਡਾ-ਰੋੜੀ ਦੀ ਸਮੱਸਿਆ ਦਾ ਮੁੱਦਾ ਉਠਾਉਂਦੇ ਰਹੇ ਪਰ ਉਸ ਦਾ ਕੋਈ ਹੱਲ ਨਹੀਂ ਕੱਢਿਆ ਗਿਆ । ਉਹਨਾਂ ਮੰਗ ਕੀਤੀ ਕਿ ਜਾਕੇ ਵੇਖਿਆ ਜਾਵੇ ਕਿ ਕਿਵੇਂ ਇਸ ਦੇ ਆਲ੍ਹੇ-ਦੁਆਲ੍ਹੇ ਰਹਿੰਦੇ ਲਗਭਗ ਇੱਕ ਲੱਖ ਲੋਕ ਇਸ ਨਾਲ ਅਫੈਕਟਡ ਹਨ । ਦੂਰ ਦੂਰ ਤੱਕ ਗੰਦੀ ਬਦਬੂ ਆਉਂਦੀ ਹੈ । ਸਾਹ ਲੈਣਾ ਔਖਾ ਹੈ ।ਇਹ ਹੱਡਾ-ਰੋੜੀ ਜਲੰਧਰ ਸ਼ਹਿਰ ਅੰਦਰ ਇੱਕ ਬਿਮਾਰੀ ਦੀ ਤਰ੍ਹਾਂ ਹੈ । ਉਹ ਮੰਗ ਕਰਦੇ ਹਨ ਕਿ ਜਾਂ ਤਾਂ ਇਸ ਹੱਡਾ-ਰੋੜੀ ਨੂੰ ਉਥੋਂ ਚੁੱਕਵਾ ਕੇ ਸ਼ਹਿਰ ਤੋਂ ਦੂਰ ਸ਼ਿਫਟ ਕਰਵਾਇਆ ਜਾਵੇ ਅਤੇ ਜੇਕਰ ਸ਼ਿਫਟ ਕਰਨਾ ਅਸੰਭਵ ਹੈ ਤਾਂ ਇਸ ਨੂੰ ਬੰਦ ਕਰਵਾਇਆ ਜਾਵੇ । ਇਸ ਦੇ ਨਾਲ ਹੀ ਸ੍ਰੀ ਵਰੇਸ਼ ਮਿੰਟੂ, ਕੌਂਸਲਰ ਅਤੇ ਸ੍ਰੀਮਤੀ ਗੀਤਾ ਰਾਣੀ, ਕੌਂਸਲਰ ਨੇ ਵੀ ਸ੍ਰੀ ਪਵਨ ਕੁਮਾਰ, ਕੌਂਸਲਰ ਦਾ ਸਮਰੱਥਨ ਕਰਦਿਆਂ

ਕਿਹਾ ਕਿ ਇਹ ਮੰਗ ਬਿਲਕੁਲ ਜਾਇਜ਼ ਹੈ । ਇਹ ਹੱਡਾ ਰੋੜੀ ਤੁਰੰਤ ਬੰਦ ਕਰਵਾਈ ਜਾਵੇ । ਸ੍ਰੀ ਪਵਨ ਕੁਮਾਰ, ਕੌਂਸਲਰ ਵਲੋਂ ਇਹ ਮੁੱਦਾ ਵੀ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਵਿੱਚ ਕਈ ਸਰਕਾਰੀ ਪ੍ਰਾਪਰਟੀਜ਼ ਨੂੰ ਲੋਕ ਵੇਚ ਗਏ ਹਨ ਜਿਸ ਦੀ ਇਨਕੁਆਰੀ ਕਰਵਾਈ ਜਾਵੇ । ਇਸ ਤੇ ਮੇਅਰ ਜੀ ਨੇ ਉਹਨਾਂ ਨੂੰ ਲਿੱਖ ਕੇ ਦੇਣ ਲਈ ਹਦਾਇਤ ਕੀਤੀ ।

ਸ੍ਰੀ ਜੇ.ਪੀ.ਸ਼ਮਸ਼ੇਰ ਖਹਿਰਾ, ਕੌਂਸਲਰ ਨੇ ਮੰਗ ਕੀਤੀ ਕਿ ਸੁੱਚੀ ਪਿੰਡ ਵਿਖੇ ਇੱਕ ਨਹਿਰ ਉਤੇ ਦੁਕਾਨਾ ਬਨਾ ਕੇ ਵੇਚ ਦਿੱਤੀਆਂ ਗਈਆਂ ਹਨ, ਜਿਸਦੀ ਇਨਕੁਆਰੀ ਕਰਵਾਈ ਜਾਵੇ । ਮੇਅਰ ਜੀ ਨੇ ਸਬੰਧਤ ਵਿਭਾਗ ਨੂੰ ਇਸ ਬਾਰੇ ਪੜਤਾਲ ਕਰਕੇ ਇੱਕ ਹਫ਼ਤੇ ਅੰਦਰ ਅੰਦਰ ਰਿਪੋਰਟ ਪੇਸ਼ ਕਰਨ ਦੀ ਹਦਾਇਤ ਕੀਤੀ ।

ਸ੍ਰੀ ਅਵਤਾਰ ਸਿੰਘ, ਕੌਂਸਲਰ ਵਲੋ ਸ੍ਰੀ ਦੇਵੀ ਤਾਲਾਬ ਮੰਦਰ ਬਾਹਰ ਲੱਗਦੀਆਂ ਰੇਹੜੀਆਂ-ਫੜੀਆਂ ਦਾ ਮੁੱਦਾ ਉਠਾਇਆ ਗਿਆ ਅਤੇ ਕਿਹਾ ਕਿ ਤਹਿਬਜ਼ਾਰੀ ਦਾ ਸਟਾਫ ਇੱਥੇ ਲੱਗਦੀਆਂ ਸਿਰਫ 10-15 ਰੇਹੜੀਆਂ ਦੀ ਹੀ 500-500 ਰੁਪਏ ਪ੍ਰਤੀ ਮਹੀਨਾ ਪਰਚੀਆਂ ਕੱਟਦੇ ਹਨ ਅਤੇ ਇਹ ਰੇਹੜੀਆਂ ਵਾਲੇ ਆਪਣੇ ਆਪਣੇ ਨਾਂਲ 3-4 ਹੋਰ ਸਟਾਲ ਲਗਵਾ ਰਹੇ ਹਨ ਜਿਸ ਨਾਲ ਜਿੱਥੇ ਨਗਰ ਨਿਗਮ ਨੂੰ ਵਿੱਤੀ ਨੁਕਸਾਨ ਹੋ ਰਿਹਾ ਹੈ ਉਥੇ ਟਰੈਫਿਕ ਦੀ ਵੀ ਬਹੁਤ ਵੱਡੀ ਸੱਮਸਿਆ ਬਣੀ ਹੋਈ ਹੈ ।ਉਹਨਾਂ ਇਹ ਵੀ ਕਿਹਾ ਕਿ ਇਹ ਇੱਕ ਸ਼ਕਤੀਪੀਠ ਹੈ ਅਤੇ ਬਾਹਰੋਂ ਦੂਜੇ ਰਾਜਾਂ ਵਿੱਚੋਂ ਸੰਗਤ ਇੱਥੇ ਮੱਥਾ ਟੇਕਣ ਆਉਂਦੀ ਹੈ ਪ੍ਰੰਤੂ ਮੰਦਰ ਦੇ ਬਾਹਰ ਕੋਈ ਬਾਥਰੂਮ ਨਾ ਹੋਣ ਕਰਕੇ ਸੰਗਤਾਂ ਨੂੰ ਖ਼ਾਸ ਕਰਕੇ ਔਰਤਾਂ ਨੂੰ ਕਾਫੀ ਪਰੇਸ਼ਾਨੀ ਆਉਂਦੀ ਹੈ । ਉਹ ਮੰਗ ਕਰਦੇ ਹਨ ਕਿ ਦੋਆਬਾ ਚੌਂਕ ਨੇੜੇ ਇੱਕ ਬਾਥਰੂਮ ਬਨਵਾਇਆ ਜਾਵੇ । ਇਸ ਤੋਂ ਇਲਾਵਾ ਵਿਕਾਸ ਪੁਰੀ ਨੇੜੇ ਸੜਕ ਤੇ ਟਰੈਕਟਰ ਟਰਾਲੀਆਂ ਵਾਲੇ ਖੜੇ ਰਹਿੰਦੇ ਹਨ ਜਿਸ ਨਾਲ ਇਸ ਮੰਦਰ ਵਲ ਜਾਂਦੀ ਸੜਕ ਦੀ ਖੂਬਸੂਰਤੀ ਖਰਾਬ ਹੁੰਦੀ ਹੈ ।

ਸ੍ਰੀ ਓਮਕਾਰ ਰਾਜੀਵ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਪਿਛਲੇ ਦਿਨੀਂ ਮਾਡਲ ਹਾਊਸ ਵਿਖੇ ਟਿਊਬਵੈਲ ਤੋਂ ਗੰਦਾ ਪਾਣੀ ਆ ਰਿਹਾ ਹੈ । ਆਵਾਰਾਂ ਜਾਨਵਰਾਂ ਦੀ ਬਹੁਤ ਸਮੱਸਿਆ ਹੈ । ਹਿੰਦੂ ਸੰਗਠਣ ਰੋਲਾਂ ਤਾਂ ਬਹੁਤ ਪਾਉਂਦੇ ਹਨ ਪਰ ਕਰ ਕੁਝ ਨਹੀਂ ਰਹੇ । ਕੂੜੇ ਦੇ ਢੇਰ ਲੱਗੇ ਹੋਏ ਹਨ । ਉਹਨਾਂ ਮੰਗ ਕੀਤੀ ਕਿ ਕੂੜੇ ਦੀ ਲਿਫਟਿੰਗ ਵਧਾਈ ਜਾਵੇ । ਬਰਸਾਤਾਂ ਤੋਂ ਪਹਿਲਾਂ ਸੀਵਰੇਜ਼ ਦੀ ਸਫਾਈ ਕਰਵਾਈ ਜਾਵੇ ।

ਸ੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਟੈਂਕੀ ਵਾਲਾ ਪਾਰਕ ਜਿਹੜਾ ਕਿ ਭਗਵਾਨ ਵਾਲਮੀਕਿ ਪਾਰਕ ਦੇ ਨਾਂ ਤੇ ਹੈ, ਵਿਖੇ ਟੈਕੀ ਦੇ ਬਲਾਕ ਡਿੱਗ ਰਹੇ ਹਨ ਜਿਸ ਨਾਲ ਕੋਈ ਹਾਦਸਾ ਹੋ ਸਕਦਾ ਹੈ।ਇਸ ਲਈ ਇਸ ਨੂੰ ਗਿਰਾਇਆ ਜਾਵੇ । ਉਹਨਾਂ ਕਿਹਾ ਕਿ ਬਸਤੀ ਮਿੱਠੂ, ਗਰੀਨ ਐਵੇਨਿਯੂ, ਬੂਟੀ ਇਨਕਲੇਵ ਵਿਖੇ ਕੂੜੇ ਦੀ ਬਹੁਤ ਸਮੱਸਿਆ ਹੈ । ਬੂਟੀ ਇਨਕਲੇਵ ਦੀਆਂ ਸੜਕਾਂ ਦੀ ਬਹੁਤ ਮਾੜੀ ਹਾਲਤ ਹੈ ।

ਸ੍ਰੀ ਜਗਦੀਸ਼ ਸਮਰਾਏ, ਕੌਂਸਲਰ ਨੇ ਕਿਹਾ 17 ਦਸੰਬਰ ਨੂੰ ਨਗਰ ਨਿਗਮ ਦੀਆਂ ਚੋਂਣਾ ਹੋਈਆਂ ਸਨ ਅਤੇ ਉਸ ਦਿਨ ਤੋਂ ਅੱਜ ਤੱਕ ਉਹਨਾਂ ਦੇ ਵਾਰਡ ਵਿੱਚ ਕੋਈ ਸਫਾਈ ਸੇਵਕ ਨਹੀਂ ਆਇਆ । ਇਸ ਬਾਰੇ ਕਈ ਵਾਰ ਸਿਹਤ ਅਫ਼ਸਰ ਨੂੰ ਕਿਹਾ ਗਿਆ ਪਰ ਕੋਈ ਕਾਰਵਾਈ ਨਹੀਂ ਹੋਈ । ਇਸ ਲਈ ਹੁਣ ਉਹ ਆਪਣੇ ਵਾਰਡ ਦੀਆਂ ਸੋਸਾਇਟੀਆਂ ਦੇ ਮੈਂਬਰਾਂ ਨਾਲ ਸਫਾਈ ਅਭਿਆਨ ਸ਼ੁਰੂ ਕਰਨ ਲੱਗੇ ਹਨ । ਜ਼ਿਆਦਾਤਰ ਸਫਾਈ ਸੇਵਕਾਂ ਸਬੰਧੀ ਸ਼ਕਾਇਤਾਂ ਆਉਣ ਤੇ ਮੇਅਰ ਜੀ ਨੇ ਦੱਸਿਆ ਕਿ ਉਹਨਾਂ ਸਾਰੇ ਵਿਧਾਇਕਾਂ ਨਾਲ ਇਸ ਮਸਲੇ ਬਾਰੇ ਡਿਸਕਸ਼ਨ ਕਰ ਲਈ ਗਈ ਹੈ ਅਤੇ ਲਿਸਟਾਂ ਤਿਆਰ ਕਰ ਲਈਆਂ ਗਈਆਂ ਹਨ ਅਤੇ ਜਲਦ ਹੀ ਇਸ ਦਾ ਸਮਾਧਾਨ ਹੋ ਜਾਵੇਗਾ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.3.2018

ਸ੍ਰੀ ਤਰਸੇਮ ਸਿੰਘ ਲਖੋਤਰਾ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਜਿਹੜੇ ਠੇਕੇਦਾਰ ਸੜਕਾਂ ਬਨਾਉਂਦੇ ਹਨ, ਉਹ ਸੜਕ ਬਨਾਉਣ ਉਪਰੰਤ ਮੈਨਹੋਲਾਂ ਦੇ ਕਵਰ ਉਚੇ ਕਰਨ ਵੇਲੇ ਇਟਾਂ ਦੀ ਬਜਾਏ ਰੋੜੇ ਪਾ ਕੇ ਮੈਨਹੋਲ ਉਚੇ ਕਰਦੇ ਹਨ ਜਿਸ ਕਰਕੇ ਇਹ ਮੈਨਹੋਲ ਜਲਦ ਟੁੱਟ ਜਾਂਦੇ ਹਨ ।

ਸ੍ਰੀ ਲਖਵੀਰ ਸਿੰਘ ਬਾਜਵਾ, ਕੌਂਸਲਰ ਨੇ ਗੁਰੂ ਰਾਮ ਦਾਸ ਨਗਰ ਵਿਖੇ 6 ਡੈਅਰੀਆਂ ਨੂੰ ਸ਼ਿਫਟ ਕਰਨ ਦੀ ਮੰਗ ਕੀਤੀ ਜਿਸ ਤੇ ਮੇਅਰ ਜੀ ਨੇ ਕਿਹਾ ਕਿ ਪਰਸੋਂ ਹੀ ਇਸ ਤੇ ਐਕਸ਼ਨ ਹੋਵੇਗਾ । ਉਹਨਾਂ ਕਿਹਾ ਕਿ ਗੌਤਮ ਨਗਰ ਵਿਖੇ ਜਲਦ ਟਿਊਬਵੈਲ ਲਗਾਇਆ ਜਾਵੇ ।

ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਪਿੰਡ ਵਿੱਚ ਆਲ੍ਹੇ ਦੁਆਲੇ ਦੇ 5 ਵਾਰਡਾਂ ਦਾ ਕੂੜਾ ਸੁੱਟਿਆ ਜਾ ਰਿਹਾ ਹੈ ਅਤੇ ਉਹਨਾਂ ਨੇ ਅਧਿਕਾਰੀਆਂ ਨੂੰ ਕਿਹਾ ਸੀ ਕਿ ਤੁਸੀਂ ਕੂੜਾ ਸੁੱਟ ਸਕਦੇ ਹੋ ਪਰ ਨਾਲ ਦੇ ਨਾਲ ਇਸ ਨੂੰ ਚੁਕਵਾਇਆ ਜਾਵੇ ਜਦ ਕਿ ਕਈ ਕਈ ਦਿਨ ਉਸ ਥਾਂ ਤੋਂ ਕੂੜਾ ਨਹੀਂ ਚੁੱਕਿਆ ਜਾ ਰਿਹਾ । ਉਹਨਾਂ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਸੈਂਟਰਲ ਗੋਰਮਿੰਟ ਦੀ ਜ਼ਮੀਨ ਪੈਂਦੀ ਹੈ ਅਤੇ ਉਸ ਨੂੰ ਰਾਹ ਵੀ ਜਾਂਦਾ ਹੈ । ਉਹ ਕਈ ਵਾਰ ਉਚ ਅਧਿਕਾਰੀਆਂ ਨੂੰ ਕਹਿ ਚੁੱਕੇ ਹਨ ਕਿ ਡਿਪਟੀ ਕਮਿਸ਼ਨਰ ਜੀ ਨਾਲ ਗੱਲ ਕਰਕੇ ਇਹ ਜ਼ਮੀਨ ਨਗਰ ਨਿਗਮ ਦੇ ਨਾਮ ਤੇ ਤਬਦੀਲ ਕਰਵਾ ਲਈ ਜਾਵੇ ਤਾਂ ਜ਼ੋ ਇਸ ਜ਼ਮੀਨ ਨੂੰ ਕੂੜਾ ਸੁੱਟਣ ਲਈ ਵਰਤਿਆ ਜਾ ਸਕੇ ਪਰ ਕੋਈ ਅਧਿਕਾਰੀ ਉਹਨਾਂ ਦੀ ਗੱਲ ਨਹੀਂ ਸੁੰਣ ਰਿਹਾ ।

ਇਸ ਤੇ ਮੇਅਰ ਜੀ ਨੇ ਕਿਹਾ ਕਿ ਜਲਦ ਹੀ ਇਲਾਕਾ ਐਮ.ਐਲ.ਏ., ਕਮਿਸ਼ਨਰ ਨਗਰ ਨਿਗਮ ਅਤੇ ਡਿਪਟੀ ਕਮਿਸ਼ਨਰ ਨਾਲ ਖੁਦ ਮੌਕਾ ਵੇਖਣਗੇ ।

ਸ੍ਰੀਮਤੀ ਪਰਮਜੀਤ ਕੌਰ ਬਾਗੜੀ, ਕੌਂਸਲਰ ਨੇ ਕਿਹਾ ਕਿ ਨਕੋਦਰ ਰੋਡ ਵਿਖੇ ਰੇਤ ਦੀਆਂ ਟਰੈਕਟਰ ਟਰਾਲੀਆਂ ਹਟਾਉਣ ਬਾਰੇ ਕਈ ਵਾਰ ਸ਼ਕਾਇਤ ਕੀਤੀ ਗਈ ਪਰ ਕੋਈ ਕਾਰਵਾਈ ਨਹੀਂ ਹੋ ਰਹੀ ।ਉਹਨਾਂ ਕਿਹਾ ਕਿ ਖੁਰਲਾ ਕਿੰਗਰਾ ਵਿਖੇ ਗੀਤਾ ਮੰਦਰ ਦੇ ਪਿੱਛੇ ਛੱਪੜ ਤੇ ਲੋਕਾਂ ਨੇ ਕਬਜੇ ਕੀਤੇ ਹੋਏ ਹਨ । ਉਹਨਾ ਸੀਵਰੇਜ਼ ਦੀ ਸੱਮਸਿਆ ਅਤੇ ਸਫਾਈ ਕਰਮਚਾਰੀਆਂ ਦੀ ਸਮੱਸਿਆ ਦਾ ਵੀ ਜ਼ਿਕਰ ਕੀਤਾ ।

ਸ੍ਰੀ ਵਰੇਸ਼ ਮਿੰਟੂ, ਕੌਂਸਲਰ ਨੇ ਕਿਹਾ ਕਿ ਤਿਲਕ ਨਗਰ ਵਿਖੇ ਜਿਹੜਾ ਟਿਊਬਵੈਲ ਬੰਦ ਕੀਤਾ ਗਿਆ ਉਸਦਾ ਸਮਾਨ ਕਿੱਥੇ ਗਿਆ, ਉਸ ਦੀ ਜਾਂਚ ਕਰਵਾਈ ਜਾਵੇ । ਉਹਨਾਂ ਅੱਗੇ ਕਿਹਾ ਕਿ ਵੈਸਟ ਹਲਕੇ ਵਿੱਚ ਅਣਅਧਿਕਾਰਤ ਕਲੋਨੀਆਂ ਕੱਟੀਆਂ ਜਾ ਰਹੀਆਂ ਹਨ, ਅਤੇ ਬਿਲਡਿੰਗ ਵਿਭਾਗ ਕੋਈ ਕਾਰਵਾਈ ਨਹੀਂ ਕਰ ਰਿਹਾ।

ਸ੍ਰੀਮਤੀ ਤਮਨਰੀਤ ਕੌਰ, ਕੌਂਸਲਰ ਨੇ ਕਿਹਾ ਕਿ ਇੰਦਰਾ ਕਲੋਨੀ ਵਿਖੇ ਸਾਲ ਵਿੱਚ ਲਗਭਗ 300 ਦਿਨ ਸੀਵਰੇਜ਼ ਬਲਾਕ ਰਹਿੰਦਾ ਹੈ ਜਿਸ ਕਰਕੇ ਉਥੇ ਬਿਮਾਰੀਆਂ ਫੈਲ ਰਹੀਆਂ ਹਨ । ਪਾਣੀ ਲੋਕਾਂ ਦੇ ਘਰਾਂ ਅੰਦਰ ਦਾਖਲ ਹੋ ਜਾਂਦਾ ਹੈ ਅਤੇ ਬੱਚਿਆਂ ਨੂੰ ਪੀਲੀਆ ਹੋ ਰਿਹਾ ਹੈ ਅਤੇ ਕਈ ਮੌਤਾਂ ਵੀ ਹੋ ਚੁੱਕੀਆਂ ਹਨ । ਕੋਈ ਸਫਾਈ ਕਰਮਚਾਰੀ ਨਹੀਂ ਆਉਂਦਾ।ਉਹਨਾਂ ਕਿਹਾ ਕਿ ਜਿਹੜੇ 3.50 ਲੱਖ ਰੁਪਏ ਦਾ ਮੇਨਟੀਨੈਂਸ ਦਾ ਕੰਮ ਹੈ, ਉਸਦਾ ਹਿਸਾਬ ਦਿੱਤਾ ਜਾਵੇ ਜਿਸ ਤੇ ਮੇਅਰ ਜੀ ਨੇ ਕਿਹਾ ਕਿ ਸਬੰਧਤ ਜੇ.ਈ. ਤੁਹਾਡੇ ਕੋਲ ਇਸ ਦਾ ਹਿਸਾਬ ਲੈ ਕੇ ਆਵੇਗਾ।

ਸ੍ਰੀਮਤੀ ਸ਼ਵੇਤਾ ਧੀਰ, ਕੌਂਸਲਰ ਨੇ ਵੀ ਸਫਾਈ ਦਾ ਮੁੱਦਾ ਉਠਾਇਆ ਅਤੇ ਕਿਹਾ ਕਿ ਉਹਨਾਂ ਨੇ ਖੁਦ ਰੇਹੜੀਆਂ ਖਰੀਦੀਆਂ ਹਨ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.3.2018

ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਨੇ ਕਿਹਾ ਕਿ ਧੰਨੋਵਾਲੀ ਵਿਖੇ ਸੀਵਰੇਜ਼ ਪਾ ਦਿੱਤਾ ਗਿਆ ਹੈ ਪਰ ਪਾਣੀ ਦੀ ਨਿਕਾਸੀ ਨਹੀਂ ਹੈ ਕਿਉਂ ਜ਼ੋ ਦੋਵੇਂ ਪਾਸੇ ਰੇਲਵੇ ਦੀਆਂ ਲਾਈਨਾਂ ਹਨ । ਇੱਕ ਪਾਸੇ ਦਕੋਹਾ ਰੇਲਵੇ ਲਾਈਨ ਅਤੇ ਦੂਜੇ ਪਾਸੇ ਮੇਨ ਲਾਈਨਾਂ ਹਨ ।ਇਸ ਲਈ ਇਸ ਸੀਵਰੇਜ਼ ਦੀ ਨਿਕਾਸੀ ਦਾ ਪ੍ਰਬੰਧ ਕੀਤਾ ਜਾਵੇ । ਉਹਨਾਂ ਮੰਗ ਕੀਤੀ ਕਿ ਧੰਨੋਵਾਲੀ ਟਰੀਟਮੈਂਟ ਪਲਾਂਟ ਤੇ ਦੋ ਜਨਰੇਟਰ ਲਗਵਾਏ ਜਾਣ । ਸ੍ਰੀ ਗੁਰੂ ਰਵੀਦਾਸ ਮਾਹਰਾਜ ਗੁਰੂਦੁਆਰੇ ਅਤੇ ਧੰਨੋਵਾਲੀ ਸਕੂਲ ਨੇੜੇ ਡੰਪ ਦੀ ਰੋਜ਼ਾਨਾ ਸਫਾਈ ਕਰਵਾਈ ਜਾਵੇ ।ਉਹਨਾਂ ਕਿਹਾ ਕਿ ਢਿਲਵਾਂ ਦੇ ਲੋਕਾਂ ਨੂੰ ਜਿਹੜੇ ਪਾਣੀ ਦੇ ਬਿਲ ਭੇਜੇ ਜਾ ਰਹੇ ਹਨ ਉਹ 2014 ਤੋਂ ਕਿਸੇ ਨੂੰ 25000, ਕਿਸੇ ਨੂੰ 35000 ਅਤੇ ਕਿਸੇ ਨੂੰ 70000 ਦੇ ਭੇਜੇ ਜਾ ਰਹੇ ਹਨ ਜਦ ਕਿ ਇਸ ਦਾ ਸੀਵਰੇਜ਼ 2016 ਤੋਂ ਜ਼ੋੜਿਆ ਗਿਆ ਹੈ । ਇਹ ਹੀ ਨਹੀਂ ਲੋਕਾਂ ਨੂੰ ਜੁਰਮਾਨੇ ਲਗਾ ਕੇ ਬਿਲ ਭੇਜੇ ਜਾ ਰਹੇ ਹਨ । ਜ਼ਿਨਾਂ ਅਧਿਕਾਰੀਆਂ ਦੀ ਗਲਤੀ ਹੈ ਉਹਨਾਂ ਤੋਂ ਇਹ ਪੈਸੇ ਵਸੂਲੇ ਜਾਣ । ਮੇਰੇ ਵਾਰਡ ਦੇ ਲੋਕ ਇਹ ਬਿਲ ਨਹੀਂ ਦੇਣਗੇ । ਮੈਂ ਆਪ ਕੈਂਪ ਲਗਵਾਕੇ ਨਵੇਂ ਸਿਰੋਂ ਪਿਛਲੇ ਤਿੰਨ ਮਹੀਨੀਆਂ ਤੋਂ ਪਾਣੀ ਦੇ ਬਿਲ ਲੋਕਾਂ ਤੋਂ ਦਵਾਂਵਾਗਾ । ਇਸ ਦੇ ਨਾਲ ਹੀ ਸ੍ਰੀ ਹਰਸਿਮਰਨਜੀਤ ਬੰਟੀ, ਡਿਪਟੀ ਮੇਅਰ ਨੇ ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਦਾ ਸਮਰੱਥਨ ਕਰਦਿਆਂ ਕਿਹਾ ਕਿ ਉਹਨਾਂ ਦੇ ਧਿਆਨ ਵਿਚ ਵੀ ਆਇਆ ਹੈ ਕਿ ਵਾਟਰ ਸਪਲਾਈ ਸ਼ਾਖਾ ਵੱਲੋ ਜਿੰਨੇ ਵੀ ਪਾਣੀ ਅਤੇ ਸੀਵਰੇਜ਼ ਦੇ ਬਿੱਲ ਭੇਜੇ ਜਾਂਦੇ ਹਨ ਉਹਨਾਂ ਬਿੱਲਾਂ ਵਿੱਚ 3 ਗੁਣਾ ਪੈਸੇ ਪਾਏ ਹੁੰਦੇ ਹਨ ਅਤੇ ਕਈ ਬਿੱਲਾਂ ਦੀ ਪੋਸਟਿੰਗ ਨਹੀਂ ਹੁੰਦੀ। ਇੱਥੇ ਇਹ ਦੱਸਣਯੋਗ ਹੈ ਕਿ ਕਈ ਕਮਰਸ਼ੀਅਲ ਅਦਾਰਿਆਂ ਅਤੇ ਘਰੇਲੂ ਅਦਾਰਿਆਂ ਵਿੱਚ ਪਾਣੀ ਦੇ ਮੀਟਰ ਲੱਗੇ ਹੋਏ ਹਨ। ਉਹਨਾਂ ਦੀ ਕੋਈ ਵੀ ਰੀਡਿੰਗ ਨਹੀਂ ਲੈਂਦਾ। ਪਬਲਿਕ ਨੂੰ ਦਫ਼ਤਰ ਵਿੱਚ ਬੈਠ ਕੇ ਹੀ ਕਮਰਸ਼ੀਅਲ ਰੇਟ ਨਾਲ 3 ਗੁਣਾ ਲੱਗਾ ਕੇ ਬਿੱਲ ਭੇਜ ਦਿੱਤੇ ਜਾਂਦੇ ਹਨ। ਇਨ੍ਹਾਂ ਕਾਰਨ ਪਬਲਿਕ ਨੂੰ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਸ ਨਾਲ ਕਰੱਪਸ਼ਨ ਨੂੰ ਵੀ ਬੜਾਵਾ ਮਿਲਦਾ ਹੈ ਅਤੇ ਨਗਰ ਨਿਗਮ ਦੀ ਛੱਵੀ ਖਰਾਬ ਹੁੰਦੀ ਹੈ। ਇਸ ਲਈ ਮੇਰਾ ਸੁਝਾਅ ਹੈ ਕਿ ਜਿਸ ਕਰਮਚਾਰੀ ਕੋਲੋ ਇਸ ਤਰ੍ਹਾਂ ਦੀ ਅਣਗਹਿਲੀ ਹੋਵੇ, ਉਸ ਤੇ ਤੁਰੰਤ ਕਾਰਵਾਈ ਕੀਤੀ ਜਾਵੇ, ਤਾਂ ਜੋ ਪਬਲਿਕ ਦਾ ਨਗਰ ਨਿਗਮ ਤੇ ਵਿਸ਼ਵਾਸ ਬਣਿਆ ਰਹੇਗਾਂ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਪਬਲਿਕ ਨੂੰ ਤਿੰਨ-ਤਿੰਨ ਸਾਲ ਬਾਅਦ ਇੱਕਠਾ ਬਿਲ ਭੇਜਿਆ ਜਾਂਦਾ ਹੈ ਜੇਕਰ ਪਬਲਿਕ ਨੂੰ ਤਿੰਨ ਜਾਂ ਛੇ ਮਹੀਨੇ ਬਾਅਦ ਬਿੱਲ ਭੇਜਿਆ ਜਾਵੇ ਤਾਂ ਮੈਨੂੰ ਇਹ ਵਿਸ਼ਵਾਸ ਹੈ ਕਿ ਹਰ ਸ਼ਹਿਰ ਵਾਸੀ ਪਾਣੀ ਦਾ ਬਿੱਲ ਜਮਾਂ ਕਰਵਾਏਗਾ ਅਤੇ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਜਿਹਨਾਂ ਦੇ 5 ਮਰਲੇ ਦੇ ਬਿੱਲ ਮੁਆਫ ਹੈ ਉਹਨਾਂ ਨੂੰ ਵੀ ਬਿੱਲ ਭੇਜੇ ਜਾਂਦੇ ਹਨ। ਇਸ ਨਾਲ ਪਬਲਿਕ ਨੂੰ ਕਾਫ਼ੀ ਪਰੇਸ਼ਾਨ ਕੀਤਾ ਜਾ ਰਿਹਾ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.3.2018

ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ, ਨੇ ਅੱਗੇ ਕਿਹਾ ਕਿ ਪਹਿਲਾਂ ਟਿਊਬਵੈਲਾਂ ਤੋਂ ਸਪਲਾਈ ਹੋਣ ਵਾਲੇ ਪਾਣੀ ਵਿੱਚ ਦਵਾਈ ਪਾਈ ਜਾਂਦੀ ਸੀ ਜਦ ਕਿ ਪਿਛਲੇ 10 ਸਾਲਾਂ ਤੋਂ ਇਹ ਦਵਾਈ ਨਹੀਂ ਪਾਈ ਜਾ ਰਹੀ ਅਤੇ ਨਾ ਹੀ ਕੋਈ

ਸਫਾਈ ਵੱਲ ਧਿਆਨ ਦਿੱਤਾ ਜਾ ਰਿਹਾ ਹੈ । ਪਹਿਲੀਆਂ ਪਾਰਕਾਂ ਦਾ ਕਿੰਨਾ ਕੁ ਸੁੰਦਰੀਕਰਨ ਕੀਤਾ ਗਿਆ ਹੈ, ਦੱਸਿਆ ਜਾਵੇ।ਪਾਰਕਾਂ ਵਿੱਚ ਪਿਛਲੇ 10 ਸਾਲਾਂ ਵਿੱਚ ਕੋਈ ਰੰਗ ਰੋਗਣ ਨਹੀਂ ਹੋਇਆ, ਕੋਈ ਮਾਲੀ ਨਹੀਂ ਆਇਆ, ਬੱਚਿਆਂ ਲਈ ਕੋਈ ਝੂਲੇ ਨਹੀਂ ਲਗਾਏ ਗਏ । ਇਸ ਦਾ ਜਵਾਬ ਦਿੱਤਾ ਜਾਵੇ । ਪਹਿਲਾਂ ਪਾਰਕਾਂ ਨੂੰ ਸੰਵਾਰਿਆ ਜਾਵੇ । ਰਾਮਾ ਮੰਡੀ ਏਰੀਏ ਵਿਖੇ ਗੰਦਾ ਪਾਣੀ ਆ ਰਿਹਾ ਹੈ ।ਰਾਮਾ ਮੰਡੀ ਪੁਲ ਉਤਰਕੇ ਬਹੁਤ ਰੇਹੜੀਆਂ ਲੱਗਦੀਆਂ ਹਨ, ਜਿਨ੍ਹਾਂ ਨੂੰ ਤਹਿਬ਼ਜਾਰੀ ਵਲੋਂ ਹਟਾਇਆ ਗਿਆ ਸੀ ਪਰ ਉਥੋਂ ਦੇ ਕੌਂਸਲਰ ਸ੍ਰੀਮਤੀ ਬਿਮਲਾ ਰਾਣੀ ਦੇ ਕਹਿਣ ਤੇ ਇਹਨਾਂ ਰੇਹੜੀਆਂ ਵਾਲਿਆਂ ਦੀ ਰੋਜ਼ੀ ਰੋਟੀ ਚਲਦੀ ਰਹੇ, ਇਸ ਲਈ ਸੜਕ ਤੋਂ ਪਿੱਛੇ ਹੱਟ ਕੇ ਰੇਹੜੀਆਂ ਲਗਾਉਣ ਦੀ ਇਜ਼ਾਜ਼ਤ ਦਿੱਤੀ ਗਈ ਸੀ ਪਰ ਇਹ ਰੇਹੜੀਆਂ ਵਾਲੇ ਫਿਰ ਸੜਕ ਤੇ ਆ ਖਲੋਤੇ ਹਨ ਜਿਸ ਕਰਕੇ ਟਰੈਫਿਕ ਜਾਮ ਲੱਗਿਆ ਰਹਿੰਦਾ ਹੈ ਅਤੇ ਦੁਰਘਟਨਾਵਾ ਵੀ ਹੋ ਰਹੀਆਂ ਹਨ । ਇਸ ਬਾਰੇ ਕੋਈ ਅਧਿਕਾਰੀ ਜਿੰਮੇਵਾਰੀ ਨਹੀਂ ਲੈ ਰਿਹਾ । ਢਿੱਲਵਾਂ ਰੋਡ ਤੇ 4 ਤੋਂ 5 ਏਕੜ ਕਮਰਸ਼ੀਅਲ ਪ੍ਰਾਪਰਟੀ ਤੇ ਲਗਭਗ 100 ਝੁੱਗੀਆਂ ਬਣ ਗਈਆਂ ਹਨ ਇਹਨਾਂ ਨੂੰ ਹੁਣੇ ਦੇਖ ਲਿਆ ਜਾਵੇ ਨਹੀਂ ਤਾਂ ਇਹਨਾਂ ਨੂੰ ਉਥੋਂ ਹਟਾਉਣਾ ਮੁਸ਼ਕਲ ਹੋ ਜਾਵੇਗਾ । ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ 22 ਸਫਾਈ ਸੇਵਕਾਂ ਵਿੱਚੋਂ ਸਿਰਫ 10 ਹੀ ਸਫਾਈ ਸੇਵਕ ਆਉਂਦੇ ਹਨ ।ਇਹ ਸਮੱਸਿਆ ਸਾਰਿਆਂ ਦੀ ਹੀ ਹੈ । ਉਹਨਾ ਮੇਅਰ ਜੀ ਨੂੰ ਕਿਹਾ ਕਿ ਜਿਹੜੇ ਅਧਿਕਾਰੀ ਆਪਣੀਆਂ ਆਪਣੀਆਂ ਜਿੰਮੇਵਾਰੀਆਂ ਪੂਰੀ ਤਰ੍ਹਾਂ ਨਾਲ ਨਹੀਂ ਨਿਭਾਉਂਦੇ ਉਹਨਾਂ ਦੀ ਜਵਾਬਦੇਹੀ ਨਿਸ਼ਚਿਤ ਕੀਤੀ ਜਾਵੇ । ਗੱਡੀਆਂ ਵਿੱਚ ਰੋਜ਼ਾਨਾ ਤੇਲ ਪੈਂਦਾ ਹੈ, ਪਰ ਕੂੜੇ ਦੀ ਲਿਫਟਿੰਗ ਸਹੀ ਢੰਗ ਨਾਲ ਨਹੀਂ ਹੋ ਰਹੀ । ਅਸੀਂ ਕੌਂਸਲਰ 24 ਘੰਟੇ ਆਪਣੇ ਆਪਣੇ ਵਾਰਡਾਂ ਦੇ ਵਸਨੀਕਾਂ ਦੀਆਂ ਮੁਸ਼ਕਲਾਂ ਸੁੰਣਦੇ ਹਾਂ ਪਰ ਅਫ਼ਸਰ ਸ਼ੁਕਰਵਾਰ ਸ਼ਾਮ ਨੂੰ ਆਪਣੇ ਫੋਨ ਬੰਦ ਕਰ ਦਿੰਦੇ ਹਨ ਅਤੇ ਸੋਮਵਾਰ ਸਵੇਰੇ ਖੋਲਦੇ ਹਨ । ਬਤੌਰ ਕੌਂਸਲਰ ਹਰੇਕ ਕੌਂਸਲਰ ਆਪਣੇ ਆਪਣੇ ਵਾਰਡਾਂ ਦੀ ਸਮੱਸਿਆ ਦੇ ਹਲ ਲਈ ਕੋਲੋਂ ਪੈਸੇ ਵੀ ਖ਼ਰਚਦੇ ਹਨ ਅਤੇ ਜਿਹੜਾ ਭੱਤਾ ਮਿਲਦਾ ਹੈ, ਉਹ ਬਹੁਤ ਘੱਟ ਹੈ, ਇਸ ਲਈ ਕੌਂਸਲਰਾਂ ਦੇ ਭੱਤੇ ਵਧਾਏ ਜਾਣ । ਕੌਂਸਲਰਾਂ ਨੂੰ ਟੋਲ ਟੈਕਸ ਤੋਂ ਮੁਆਫੀ ਦਵਾਈ ਜਾਵੇ । ਜਿਹੜੇ ਅਫ਼ਸਰ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਨਹੀਂ ਨਿਭਾਉਂਦੇ ਉਹਨਾਂ ਦੀ ਜਿੰਮੇਵਾਰੀ ਫਿਕਸ ਕੀਤੀ ਜਾਵੇ ਅਤੇ ਜਿਹੜੇ ਅਫ਼ਸਰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਂਦੇ ਹਨ, ਉਹਨਾਂ ਨੂੰ ਸਨਮਾਨ ਦਿੱਤਾ ਜਾਵੇ । ਜਿਵੇਂ ਕਿ ਸੁਪਰਡੰਟ ਤਹਿਬ਼ਜਾਰੀ ਸ੍ਰੀ ਮਨਦੀਪ ਸਿੰਘ ਆਪਣੀ ਡਿਊਟੀ ਪੂਰੀ ਲਗਨ ਨਾਲ ਨਿਭਾ ਰਿਹਾ ਹੈ ਅਤੇ ਪਿਛਲੇ ਦਿਨੀਂ ਉਸ ਨੇ ਕਈ ਸਾਲਾਂ ਤੋਂ ਬਕਾਇਆ ਪਈ ਰਾਸ਼ੀ ਜਿਹੜੀ ਕਿ ਲਗਭਗ 95 ਲੱਖ ਸੀ ਇੱਕੋ ਦਿਨ ਵਸੂਲ ਕੀਤੀ । ਇਸ ਤੇ ਮੇਅਰ ਜੀ ਨੇ ਸ੍ਰੀ ਮਨਦੀਪ ਸਿੰਘ, ਸੁਪਰਡੰਟ ਨੂੰ ਸਨਮਾਨ ਦੇਣ ਲਈ ਹਾਮੀ ਭਰੀ ।

ਇਸ ਉਪਰੰਤ ਮੇਅਰ ਜੀ ਨੇ ਰੈਗੁਲਰ ਅਜੰਡਾ ਪੜ੍ਹਣ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.3.2018

ਮਤਾ ਨੰ:	ਵਿਸ਼ਾ:	ਫੈਸਲਾ/ ਪ੍ਰਵਾਨਗੀ
37 20.03.2018	ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 5.3.2018 ਦੀ ਕਾਰਵਾਈ ਬਾਰੇ।	ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ ।
38 20.3.2018	ਨਗਰ ਨਿਗਮ, ਜਲੰਧਰ ਦੇ ਸਾਲ 2017-18 ਦੇ ਸੋਧੇ ਬਜਟ ਤਖ਼ਮੀਨੇ ਅਤੇ ਸਾਲ 2018-19 ਦੇ ਬਜਟ ਤਖਮੀਨੇ ਪਾਸ ਕਰਨ ਬਾਰੇ।	ਸਰਵਸੰਮਤੀ ਨਾਲ ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.3.2018

Deputy Commissioner (a)
Municipal Corporation
Jalandhar

MUNICIPAL CORPORATION JALANDHAR
COMMITTED TO THE SERVICE OF MANKIND

ਨਗਰ ਨਿਗਮ ਜਲੰਧਰ
ਮਾਨਵਤਾ ਦੀ ਸੇਵਾ ਨੂੰ ਸਮਰਪਿਤ

ਬਜਟ ਤਖਮੀਨੇ

ਸਾਲ

2018-2019

ਨਗਰ ਨਿਗਮ ਜਲੰਧਰ

ਨਗਰ ਨਿਗਮ, ਜਲੰਧਰ।

ਬਜ਼ਟ ਅਨੁਮਾਨ ਸਾਲ 2018-19

ਇੰਡੈਕਸ

ਲੜੀ ਨੰ:	ਵਿਵਰਣ	ਪੰਨਾ ਨੰਬਰ
1	ਬੱਜਟ ਸਾਰ	1-2
2	ਬਜ਼ਟ ਐਟ ਏ ਗਲਾਂਸ	3
3	ਨਗਰ ਨਿਗਮ ਦੀ ਕੁੱਲ ਆਮਦਨ/ਪ੍ਰਾਪਤੀਆਂ ਦਾ ਵੇਰਵਾ	4
4	ਅਮਲੇ ਤੇ ਖਰਚ ਦਾ ਵੇਰਵਾ	5
5	ਅਚਨਚੇਤੀ ਖਰਚਿਆਂ ਦਾ ਵੇਰਵਾ	6
6	ਹੋਰ ਖ਼ਰਚੇ	7
7	ਵਿਕਾਸ ਦੇ ਕੰਮਾ ਤੇ ਖਰਚ ਦਾ ਵੇਰਵਾ	8-9
8	ਮਿਤੀ 31.03.2019 ਨੂੰ ਅੰਤਿਮ ਬਕਾਏ ਦਾ ਵੇਰਵਾ	10
9	ਅਮਲੇ ਦਾ ਵੇਰਵਾ	11-25
10	ਜ਼ਾਇਦਾਦਾ ਦਾ ਵੇਰਵਾ	26
11	ਮਸ਼ੀਨਰੀ/ਵਹੀਕਲ ਦਾ ਵੇਰਵਾ	27
12	ਵਾਟਰ.ਸਪ./ਸੀਵ. ਹਾਉਸ ਟੈਕਸ ਅਤੇ ਰੈਂਟ ਲੀਸ ਅਤੇ ਤਹਿ ਬਾਜਾਰੀ ਦੇ ਬਕਾਏ ਦਾ ਵੇਰਵਾ	28
13	ਲਾਇਸੈਂਸਾਂ ਦਾ ਵੇਰਵਾ	29
14	ਕਮਿਟਿਡ ਅਤੇ ਨਾਨ ਕਮਿਟਿਡ ਖਰਚ ਦਾ ਵੇਰਵਾ	30

Deputy Controller (F&A)
Municipal Corporation
Jalandhar

ਨਗਰ ਨਿਗਮ ਜਲੰਧਰ

ਵਿਸ਼ਾ:- ਨਗਰ ਨਿਗਮ, ਜਲੰਧਰ ਦੇ ਸਾਲ 2017-18 ਦੇ ਸੋਧੇ ਅਤੇ ਸਾਲ 2018-19 ਦੇ ਬਜਟ ਤਖਮੀਨੇ ਪਾਸ ਕਰਨ ਬਾਰੇ।

ਹਰ ਸਾਲ ਦੀ ਤਰ੍ਹਾਂ ਅਗਲੇ ਵਿਤੀ ਸਾਲ 2018-19 ਲਈ ਬਜ਼ਟ ਤਖਮੀਨੇ ਤਿਆਰ ਕਰਣ ਅਤੇ ਚਾਲੂ ਵਿੱਤੀ ਸਾਲ ਲਈ ਸੋਧੇ ਹੋਏ ਬਜਟ ਤਖਮੀਨੇ ਤਿਆਰ ਕਰਨ ਲਈ ਵੱਖ-2 ਬ੍ਰਾਂਚ ਦੇ ਮੁੱਖੀਆਂ ਤੋਂ ਸੂਚਨਾਂ ਪ੍ਰਾਪਤ ਕਰਨ ਅਤੇ ਮੀਟਿੰਗ ਵਿਚ ਕੀਤੇ ਵਿਚਾਰ ਵਟਾਂਦਰੇ ਉਪਰੰਤ ਹੇਠ ਅਨੁਸਾਰ ਸਾਲ 2018-19 ਲਈ ਵੱਖ-ਵੱਖ ਮਦਾਂ ਤਹਿਤ ਅਨੁਮਾਨਤ ਅਤੇ ਚਾਲੂ ਵਿੱਤੀ ਸਾਲ 2017-18 ਲਈ ਸੋਧੇ ਹੋਏ ਬਜ਼ਟ ਤਖਮੀਨੇ ਤਿਆਰ ਕੀਤੇ ਗਏ ਹਨ।

ਸਾਲ 2017-18 ਲਈ ਨਗਰ ਨਿਗਮ ਵੱਲੋਂ 534.40 ਕਰੋੜ ਰੁਪਏ ਦੇ ਆਮਦਨ/ਪ੍ਰਾਪਤੀਆਂ ਦੇ ਬਜ਼ਟ ਤਖਮੀਨੇ ਪਾਸ ਕੀਤੇ ਸਨ। ਇਸ ਵਿਚ ਮੁੱਖ ਤੋਰ ਤੇ 175.00 ਕਰੋੜ ਰੁਪਏ ਚੁੰਗੀ ਦੇ ਬਦਲੇ ਸਰਕਾਰ ਤੋਂ ਵੈਟ ਪ੍ਰਾਪਤ ਹੋਣ, 5.00 ਕਰੋੜ ਰੁਪਏ ਹਾਉਸ ਟੈਕਸ ਦੀ ਉਗਰਾਹੀ, 15 ਕਰੋੜ ਰੁਪਏ ਬਿਜਲੀ ਤੇ ਚੁੰਗੀ, 4.00 ਕਰੋੜ ਰੁਪਏ ਬਿਲਡਿੰਗ ਐਪਲੀਕੇਸ਼ਨ, 3.50 ਕਰੋੜ ਰੁਪਏ ਬਿਲਡਿੰਗ ਕੰਪੋਜੀਸ਼ਨ ਫੀਸ, 4 ਕਰੋੜ ਰੁਪਏ ਅਡਵਰਟਾਇਜਮੈਂਟ ਟੈਕਸ, 32 ਕਰੋੜ ਰੁਪਏ ਬਤੋਰ ਵਾਟਰ ਸਪਲਾਈ ਸੀਵਰੇਜ਼ ਚਾਰਜ਼ਜ ਅਤੇ 15.00 ਕਰੋੜ ਰੁਪਏ ਦੀ ਨਗਰ ਨਿਗਮ ਵੱਲੋਂ ਆਪਣੀ ਜਾਇਦਾਦ ਵੇਚਣ ਦਾ ਉਪਬੰਧ ਸੀ ਅਤੇ ਰੁਪਏ 30.00 ਕਰੋੜ ਪ੍ਰੋਪਰਟੀ ਟੈਕਸ ਦੀ ਉਗਾਹੀ ਬਾਰੇ ਉਪਲਬਧ ਸੀ। ਸਰਕਾਰ ਵੱਲੋਂ ਕੁੱਲ 333.26 ਕਰੋੜ ਰੁਪਏ ਦੀ ਆਮਦਨ ਪ੍ਰਵਾਨ ਕੀਤੀ ਸੀ।ਕੁੱਲ 333.26 ਕਰੋੜ ਰੁਪਏ ਦੇ ਟੀਚੇ ਵਿਰੁਧ ਚਾਲੂ ਸਾਲ 2017-18 ਵਿੱਚ 365.02 ਕਰੋੜ ਰੁਪਏ ਪ੍ਰਾਪਤ ਹੋਣ ਦਾ ਅਨੁਮਾਨ ਹੈ ਇਸ ਤਰ੍ਹਾਂ ਸਾਲ 2017-18 ਲਈ ਆਮਦਨ/ਪ੍ਰਾਪਤੀਆਂ ਲਈ 365.02 ਕਰੋੜ ਰੁਪਏ ਦੇ ਸੋਧੇ ਤਖਮੀਨੇ ਤਿਆਰ ਕੀਤੇ ਗਏ ਹਨ। ਸਾਲ 2017-18 ਲਈ ਗ੍ਰਾਂਟ ਅਤੇ ਕਰਜੇ ਦੀ ਮਦ ਤਹਿਤ 200.75 ਕਰੋੜ ਰੁਪਏ ਦੇ ਉਪਬੰਧ ਦੇ ਵਿਰੁਧ 31-12-2017 ਤੱਕ 44.78 ਕਰੋੜ ਰੁਪਏ ਵਸੂਲ ਹੋਏ ਹਨ ਅਤੇ ਇਸ ਸਾਲ ਵਿਚ ਕੁੱਲ 45.25 ਕਰੋੜ ਰੁਪਏ ਪ੍ਰਾਪਤ ਹੋਣ ਦੀ ਹੀ ਆਸ ਹੈ। ਫਾਇਨੈਂਸ ਕਮਿਸ਼ਨ ਦੀ ਗ੍ਰਾਂਟ ਵੱਜੋਂ ਇਸ ਸਾਲ ਵਿੱਚ 21.51 ਕਰੋੜ ਰੁਪਏ ਪ੍ਰਾਪਤ ਹੋਏ ਹਨ।

ਸਾਲ 2017-18 ਵਿੱਚ ਵੱਖ-ਵੱਖ ਵਸੀਲਿਆਂ ਤੋਂ ਪ੍ਰਾਪਤ ਹੋਈ ਆਮਦਨ/ਪ੍ਰਾਪਤੀਆਂ ਨੂੰ ਮਦੇ ਨਜਰ ਰੱਖਦੇ ਹੋਏ ਸਾਲ 2018-19 ਲਈ ਆਮਦਨ/ਪ੍ਰਾਪਤੀਆਂ ਤਹਿਤ 587.13 ਕਰੋੜ ਰੁਪਏ ਦੇ ਬਜ਼ਟ ਤਖਮੀਨੇ ਤਿਆਰ ਕੀਤੇ ਗਏ ਹਨ। ਇਸ ਵਿੱਚ ਮੁੱਖ ਤੋਰ ਤੇ 205.00 ਕਰੋੜ ਰੁਪਏ ਸਰਕਾਰ ਤੋਂ ਚੁੰਗੀ ਦੇ ਬਦਲੇ ਪ੍ਰਾਪਤ ਜੀ.ਐਸ.ਟੀ ਦੀ ਰਾਸ਼ੀ, 10 ਕਰੋੜ ਰੁਪਏ ਬਿਜ਼ਲੀ ਤੇ 2% ਮਿਉਂਸਪਲ ਟੈਕਸ ਤੋਂ ਪ੍ਰਾਪਤੀ ਦਾ ਅਨੁਮਾਨ ਹੈ। 13.50 ਕਰੋੜ ਰੁਪਏ ਐਡੀਸ਼ਨਲ ਅਕਸਾਇਜ਼ ਡਿਉਟੀ ਤੋਂ, 7.00 ਕਰੋੜ ਰੁਪਏ ਬਤੋਰ ਹਾਉਸ ਟੈਕਸ ਤੋਂ, 32 ਕਰੋੜ ਰੁਪਏ ਪ੍ਰਾਪਰਟੀ ਟੈਕਸ ਤੋ, 4.40 ਕਰੋੜ ਰੁਪਏ ਬਿਲਡਿੰਗ ਐਪਲੀਕੇਸ਼ਨ ਫੀਸ, 5.50 ਕਰੋੜ ਰੁਪਏ ਬਿਲਡਿੰਗ ਕੰਮਪੋਜੀਸ਼ਨ ਫੀਸ ਅਤੇ ਚੇਂਜ ਆਫ ਲੈਂਡ ਯੂਜ਼ ਤੋਂ 18 ਕਰੋੜ ਰੁਪਏ, ਵਾਟਰ ਸਪਲਾਈ ਅਤੇ ਸੀਵਰਜ਼ ਚਾਰਜਜ਼ ਤੋਂ 35 ਕਰੋੜ ਰੁਪਏ ਅਤੇ ਨਗਰ ਨਿਗਮ ਦੀ ਜਾਇਦਾਦ ਜਿਸ ਵਿੱਚ ਦੁਕਾਨਾਂ ਅਤੇ ਹੋਰ ਜਾਇਦਾਦ ਵੇਚਣ ਤੋ 15 ਕਰੋੜ ਰੁਪਏ ਪ੍ਰਾਪਤ ਹੋਣ ਬਾਰੇ ਹੈ। ਇਸ ਤੋਂ ਇਲਾਵਾ **PIDB, SWACHH BHARAT, AMRUT** ਸਕੀਮ ਤਹਿਤ 133.00 ਕਰੋੜ ਰੁਪਏ ਪ੍ਰਾਪਤ ਹੋਣ ਦਾ ਅਨੁਮਾਨ ਹੈ।

ਚਲਦਾ ਪੇਜ-2

Deputy Commissioner (F&A)
Municipal Corporation
Jalandhar

ਫਾਇਨੈਂਸ ਕਮਿਸ਼ਨ ਦੀ ਗ੍ਰਾਂਟ ਵੱਜੋਂ ਰੁਪਏ 21.00 ਕਰੋੜ ਪ੍ਰਾਪਤ ਹੋਣ ਦਾ ਅਨੁਮਾਨ ਹੈ। ਇਸ ਤੋਂ ਇਲਾਵਾ ਕੈਨਾਲ ਵਾਟਰ ਪ੍ਰੋਜੈਕਟ ਲਈ ਏ.ਡੀ.ਬੀ ਤੋਂ ਰੁ: 50.00 ਕਰੋੜ ਬਤੌਰ ਕਰਜ਼ਾ ਪ੍ਰਾਪਤ ਹੋਣ ਦੀ ਪ੍ਰੋਵੀਜ਼ਨ ਰੱਖੀ ਗਈ ਹੈ। ਆਮਦਨ/ਪ੍ਰਾਪਤੀਆਂ ਦੇ ਵਿਰੁੱਧ ਨਗਰ ਨਿਗਮ ਵੱਲੋਂ ਖਰਚੇ ਦੀਆਂ ਵੱਖ-ਵੱਖ ਮਦਾਂ ਤਹਿਤ ਸਾਲ 2017-18 ਲਈ 537.16 ਕਰੋੜ ਰੁਪਏ ਦੇ ਬਜ਼ਟ ਤਖਮੀਨੇ ਪਾਸ ਕੀਤੇ ਸਨ ਜ਼ੋਂ ਸਰਕਾਰ ਨੇ ਘੱਟਾ ਕੇ 333.26 ਕਰੋੜ ਰੁਪਏ ਦੇ ਕਰ ਦਿੱਤੇ ਸਨ ਜਿਸ ਵਿਚੋਂ ਮੁੱਖ ਤੋਰ ਤੇ 189.10 ਕਰੋੜ ਰੁਪਏ ਅਮਲੇ ਦੇ ਖਰਚੇ ਲਈ, 18.97 ਕਰੋੜ ਰੁਪਏ ਅਚਨਚੇਤ ਖਰਚੇ ਅਤੇ ਹੋਰ ਖਰਚਿਆ ਲਈ ਅਤੇ 125.19 ਕਰੋੜ ਵਿਕਾਸ ਦੇ ਕੰਮਾ ਤੇ ਖਰਚ ਕਰਨ ਲਈ ਪ੍ਰਵਾਨਗੀ ਦਿੱਤੀ ਸੀ। ਚਾਲੂ ਵਿੱਤੀ ਸਾਲ 2017-18 ਲਈ ਅਮਲੇ ਤੇ 189.68 ਕਰੋੜ ਰੁਪਏ ਅਤੇ ਅਚਨਚੇਤ ਅਤੇ ਹੋਰ ਖਰਚਿਆਂ ਤੇ 25.05 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ ਅਤੇ ਵਿਕਾਸ ਅਤੇ ਹੋਰ ਖਰਚਿਆਂ ਦੇ 168.01 ਕਰੋੜ ਰੁਪਏ ਦੇ ਖਰਚ ਹੋਣ ਦਾ ਅਨੁਮਾਨ ਹੈ।

ਅਗਲੇ ਸਾਲ 2018-19 ਲਈ ਖਰਚਿਆਂ ਦੀ ਮਦ ਤਹਿਤ 585.63 ਕਰੋੜ ਰੁਪਏ ਦਾ ਅਨੁਮਾਨਤ ਤਖਮੀਨਾਂ ਤਿਆਰ ਕੀਤਾ ਗਿਆ ਹੈ । ਇਸ ਵਿੱਚ 203.00 ਕਰੋੜ ਰੁਪਏ ਅਮਲੇ ਦੇ ਖਰਚ ਤੇ, 24.38 ਕਰੋੜ ਰੁਪਏ ਅਚਨਚੇਤ ਅਤੇ ਹੋਰ ਖਰਚਿਆਂ ਲਈ 358.25 ਕਰੋੜ ਰੁਪਏ ਵਿਕਾਸ ਅਤੇ ਹੋਰ ਖਰਚਿਆਂ ਲਈ ਅਨੁਮਾਨਤ ਬਜ਼ਟ ਤਖਮੀਨੇ ਤਿਆਰ ਕੀਤੇ ਗਏ ਹਨ।

Deputy Controller (F&A)
Municipal Corporation
Jalandhar

ਨਗਰ ਨਿਗਮ ਜਲੰਧਰ
ਸਾਲ 2018-19 ਦਾ ਬਜੱਟ ਇਕ ਨਜਰ 3

(ਰਕਮ ਲੱਖਾਂ ਰੂ.)

ਆਮਦਨ/ ਪ੍ਰਾਪਤੀਆਂ	ਅਸਲ ਆਮਦਨ 2016-17	ਪ੍ਰਵਾਨਤ ਬਜੱਟ ਸਾਲ 2017-18	ਅਸਲ ਆਮਦਨ 01.04.2017 ਤੋਂ 31.12.2017 ਤੱਕ	ਅਨੁਮਾਨਤ ਆਮਦਨ 1/2018 ਤੋਂ 3/2018	ਸੋਧੇ ਹੋਏ ਬਜਟ 2017-18	ਅਨੁਮਾਨਤ ਬਜੱਟ ਸਾਲ 2018-19
ਜਨਰਲ	25576.91	29826.50	20749.08	8528.53	29277.61	36413.00
ਵਾਟਰ ਸਪਲਾਈ	2487.25	3500.00	1113.21	1586.79	2700.00	4000.00
ਕਰਜੇ ਅਤੇ ਗ੍ਰਾਂਟਾਂ ਤੋਂ ਪ੍ਰਾਪਤੀ	10176.72	0.00	4478.17	47.03	4525.20	18300.00
ਆਮਦਨ/ਪ੍ਰਾਪਤੀਆਂ ਦਾ ਜ਼ੋੜ	38240.88	33326.50	26340.46	10162.35	36502.81	58713.00
ਅਮਲਾ						
ਜਨਰਲ	11116.49	12410.00	9125.58	3432.92	12558.50	13640.00
ਵਾਟਰ ਸਪਲਾਈ	2986.75	3500.00	2149.10	950.90	3100.00	3300.00
ਪੈਨਸ਼ਨ ਕੰਟਰੀਬਿਓਬਸ਼ਨ	2493.53	3000.00	2467.68	842.32	3310.00	3360.00
ਜ਼ੋੜ	16596.77	18910.00	13742.36	5226.14	18968.50	20300.00
ਅਚਨਚੇਤ ਅਤੇ ਹੋਰ						
ਜਨਰਲ	1620.87	1420.50	1099.87	450.63	1550.50	1583.00
ਵਾਟਰ ਸਪਲਾਈ	72.38	100.00	18.38	26.62	45.00	55.00
ਹੋਰ	309.64	377.00	123.62	786.38	910.00	800.00
ਜ਼ੋੜ	2002.89	1897.50	1241.87	1263.63	2505.50	2438.00
ਵਿਕਾਸ ਦੇ ਕੰਮਾ ਦਾ ਖਰਚਾ						
ਜਨਰਲ	15092.06	6449.00	7083.11	4397.89	11481.00	22325.00
ਵਾਟਰ ਸਪਲਾਈ	5116.31	6070.00	3768.12	1551.88	5320.00	13500.00
ਜ਼ੋੜ	20208.37	12519.00	10851.23	5949.77	16801.00	35825.00
ਖਰਚਿਆਂ ਦਾ ਕੁੱਲ ਜ਼ੋੜ	38808.03	33326.50	25835.46	12439.54	38275.00	58563.00

Deputy Commissioner
Municipal Corporation
Jalandhar

ਨਗਰ ਨਿਗਮ ਜਲੰਧਰ
ਬਜਟ ਅਨੁਮਾਨ ਸਾਲ 2018-19
ਆਮਦਨ/ਪ੍ਰਾਪਤੀਆਂ

ਰਕਮ ਲੱਖਾਂ ਵਿੱਚ

ਲੜੀ ਨੰ:	ਮੱਦ ਦਾ ਨਾਂ	ਅਸਲ ਪ੍ਰਾਪਤੀ 2016-17	ਪ੍ਰਵਾਨਿਤ ਬਜਟ ਸਾਲ 2017-18	1-4-2017 ਤੋਂ 31-12-2017 ਤੱਕ ਪ੍ਰਾਪਤ ਆਮਦਨ	ਅਨੁਮਾਨਿਤ ਪ੍ਰਾਪਤੀਆਂ 01-01-2018 ਤੋਂ 31-03-2018 ਤੱਕ	ਕੁੱਲ ਅਨੁਮਾਨਤ ਪ੍ਰਾਪਤੀਆਂ ਸਾਲ 2017-18	ਅਨੁਮਾਨਿਤ ਬਜਟ ਸਾਲ 2018-19
1	ਵੈਟ ਦੇ 11% ਹਿੱਸੇ ਵਿੱਚੋਂ ਪ੍ਰਾਪਤ ਹੋਈ ਆਮਦਨ/ ਗ੍ਰਾਂਟ ਇਨ ਏਡ (ਜੀ.ਐਸ.ਟੀ)	15598.39	17200.00	13278.32	5221.68	18500.00	20500.00
2	ਬਿਜਲੀ ਤੇ ਚੁੰਗੀ/2%ਮਿਉਂਸਪਲ ਟੈਕਸ	1292.16	1430.00	450.58	99.42	550.00	1000.00
3	ਵਾਧੂ ਐਕਸਾਈਜ ਡਿਊਟੀ	2574.17	1200.00	914.21	285.79	1200.00	1350.00
4	ਹਾਊਸ ਟੈਕਸ ਬਕਾਏ ਦੀ ਵਸੂਲੀ	54.46	500.00	-12.81	112.81	100.00	700.00
5	ਪ੍ਰਾਪਰਟੀ ਟੈਕਸ	2432.59	3200.00	1820.90	879.10	2700.00	3200.00
6	ਬਿਲਡਿੰਗ ਐਪਲੀਕੇਸ਼ਨ ਫੀਸ	276.98	400.00	259.83	90.17	350.00	440.00
7	ਚੈਂਜ ਆਫ ਲੈਂਡ ਯੂਜ਼	1264.29	1800.00	587.22	812.78	1400.00	1800.00
8	ਬਿਲਡਿੰਗ ਰਾਜੀਨਾਮਾ ਫੀਸ/ਕੰਪਾਊਜੀਸ਼ਨ ਫੀਸ	142.88	550.00	109.40	140.60	250.00	550.00
9	ਰੈਗੂਲਰਾਈਜੇਸ਼ਨ ਫੀਸ	330.20	75.00	198.34	76.66	275.00	350.00
10	ਡਿਵੈਲਪਮੈਂਟ ਚਾਰਜਿਸ ਅਤੇ ਐਕਸਟਰਨਲ ਡਿਵੈਲਪਮੈਂਟ ਚਾਰਜਿਸ	208.29	550.00	147.21	152.79	300.00	550.00
11	ਲਾਈਸੈਂਸ ਫੀਸ	44.32	100.00	30.91	69.09	100.00	100.00
12	ਰੈਂਟ ਅਤੇ ਲੀਜ ਫੀਸ	119.46	125.00	47.48	77.52	125.00	135.00
13	ਤਹਿਬਜ਼ਾਰੀ ਫੀਸ	87.93	150.00	61.81	88.19	150.00	200.00
14	ਐਡਵਰਟਾਈਜਮੈਂਟ ਟੈਕਸ	40.52	400.00	93.56	106.44	200.00	1000.00
15	ਰਿਕਸ਼ਾ ਟਾਂਗਾ ਫੀਸ/ਵਹੀਕਲ ਫੀਸ	5.74	0.00	1.38	3.62	5.00	5.00
16	ਹੋਰ ਅਣਕਾਲਸੀਫਾਈਅਡ ਪ੍ਰਾਪਤੀਆਂ	26.86	106.50	53.18	21.82	75.00	75.00
17	ਰੋਡ ਕਟਿੰਗ	40.74	75.00	3.36	2.64	6.00	8.00
18	ਕਾਓ ਸੈਸ	0.00	100.00	17.29	7.71	25.00	100.00
19	ਵਿਆਜ ਪ੍ਰਾਪਤੀ	308.32	15.00	0.00	75.00	75.00	50.00
20	ਅਰਨਸਟਮੰਨੀ (ਮੋੜਨ ਯੋਗ)	323.56	150.00	508.86	191.14	700.00	500.00
21	ਜਾਇਦਾਦ ਨੂੰ ਵੇਚਣ ਤੋਂ ਪ੍ਰਾਪਤੀ	395.48	1500.00	14.22	5.78	20.00	1500.00
22	ਹੈਲਥ ਫੀਸ (ਯੂਜ਼ਰ ਚਾਰਜਿਸ ਅਤੇ ਚਾਲਾਨਾ ਤੋਂ ਪ੍ਰਾਪਤ ਆਮਦਨ)	9.57	200.00	12.22	7.78	20.00	200.00
23	ਫਾਇਨੈਂਸ ਕਮਿਸ਼ਨ ਗਰਾਂਟ	0.00	0.00	2151.61	0.00	2151.61	2100.00
24	ਵਾਟਰ ਸਪਲਾਈ ਅਤੇ ਸੀਵਰੇਜ਼ ਚਾਰਜਿਸ	2487.25	3500.00	1113.21	1586.79	2700.00	3500.00
25	ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਬਕਾਏ ਦੀ ਵਸੂਲੀ	0.00	0.00	0.00	0.00	0.00	500.00
	ਜੋੜ	**28064.16**	**33326.50**	**21862.29**	**10115.32**	**31977.61**	**40413.00**
26	ਗ੍ਰਾਂਟਾਂ	10176.72	0.00	4478.17	47.03	4525.20	13300.00
27	ADB ਵੱਲੋਂ ਕਰਜਾ	0.00	0.00	0.00	0.00	0.00	5000.00
	ਕੁੱਲ ਜੋੜ	**38240.88**	**33326.50**	**26340.46**	**10162.35**	**36502.81**	**58713.00**

Deputy Controller (F&A)
Municipal Corporation
Jalandhar

ਨਗਰ ਨਿਗਮ ਜਲੰਧਰ

ਬਜੱਟ ਅਨੁਮਾਨ ਸਾਲ 2018-19

ਅਮਲੇ ਤੇ ਖਰਚਾ

(ਰਕਮ ਲੱਖਾਂ ਵਿੱਚ.)

ਲੜੀ ਨੰ:	ਮਦ ਦਾ ਨਾਂ	ਅਸਲ ਖਰਚਾ 2016-17	ਪ੍ਰਵਾਨਤ ਬਜੱਟ ਸਾਲ 2017-18	ਅਸਲ ਖਰਚਾ 01.04.2017 ਤੋਂ 31.12.2017 ਤੱਕ	ਅਨੁਮਾਨਤ ਖਰਚਾ 01/01/2018 ਤੋਂ 31/03/2018	ਸੋਧੇ ਹੋਏ ਤਖਮੀਨੇ 2017-18	ਅਨੁਮਾਨਤ ਬਜੱਟ ਸਾਲ 2018-19
1	ਜਨਰਲ ਸ਼ਾਖਾਂਵਾਂ	870.72	925.00	655.68	244.32	900.00	1050.00
2	ਹਾਊਸ ਟੈਕਸ ਸ਼ਾਖਾ	239.28	300.00	152.30	67.70	220.00	300.00
3	ਬਿਲਡਿੰਗ ਅਤੇ ਟਾਊਨ ਪਲੈਨਿੰਗ ਸ਼ਾਖਾ	419.94	500.00	295.05	119.95	415.00	500.00
4	ਤਹਿਬਜਾਰੀ,ਵਹਿਕਲ ਟੈਕਸ ਅਤੇ ਐਡਵਰਟਾਈਜਮੈਂਟ ਸ਼ਾਖਾ	182.43	220.00	148.67	61.33	210.00	225.00
5	ਹੈਲਥ ਅਤੇ ਵਰਕਸ਼ਾਪ ਸ਼ਾਖਾ	6828.98	7500.00	5797.37	2052.63	7850.00	8300.00
6	ਡਿਸਪੈਨਸਰੀਆਂ ਅਤੇ ਹੈਲਥ ਸੈਂਟਰ	187.23	210.00	165.07	134.93	300.00	325.00
7	ਇੰਜੀਨੀਅਰਿੰਗ (ਬੀ.ਐਂਡ.ਆਰ) ਸ਼ਾਖਾ	890.11	1000.00	758.65	291.35	1050.00	1100.00
8	ਸਟਰੀਟ ਲਾਈਟ ਸ਼ਾਖਾ	236.28	290.00	129.65	40.35	170.00	200.00
9	ਬਾਗਬਾਨੀ ਸ਼ਾਖਾ	460.04	520.00	368.26	131.74	500.00	550.00
10	ਫਾਈਰ ਬ੍ਰੀਗੇਡ	329.87	385.00	280.48	119.52	400.00	455.00
11	ਪੁਲੀਸ ਫੋਰਸ	216.33	250.00	193.67	81.33	275.00	280.00
12	ਅਡਜਸਟਰਡ (ਚੁੰਗੀ ਸ਼ਾਖਾ)	19.92	20.00	21.88	3.12	25.00	30.00
13	ਪੈਨਸ਼ਨਰਾਂ ਨੂੰ ਮੈਡੀਕਲ ਖਰਚੇ ਦੀ ਪ੍ਰਤੀ ਪੂਰਤੀ/ਫਿਕਸਡ ਮੈਡੀਕਲ ਅਲਾਉਂਸ ਅਤੇ ਐਲ.ਟੀ.ਸੀ ਆਦਿ	104.26	150.00	78.19	46.81	125.00	135.00
14	ਕੌਂਸਲਰ ਭੱਤਾ	120.74	140.00	72.66	37.34	110.00	190.00
15	ਸਲਿਡ ਵੇਸਟ	10.36	0.00	8.00	0.50	8.50	0.00
	ਜੋੜ	**11116.49**	**12410.00**	**9125.58**	**3432.92**	**12558.50**	**13640.00**
15	ਵਾਟਰ ਸਪਲਾਈ ਅਤੇ ਸੀਵਰੇਜ਼ ਵਿਭਾਗ	2986.75	3500.00	2149.10	950.90	3100.00	3300.00
16	ਪੈਨਸ਼ਨਰ ਕੰਟਰਿਬਿਉਸ਼ਨ	2493.53	3000.00	2467.68	842.32	3310.00	3360.00
	ਕੁੱਲ ਜੋੜ	**16596.77**	**18910.00**	**13742.36**	**5226.14**	**18968.50**	**20300.00**

Deputy Commissioner (Fin.)
Municipal Corporation
Jalandhar

ਨਗਰ ਨਿਗਮ ਜਲੰਧਰ
ਬਜੱਟ ਅਨੁਮਾਨ ਸਾਲ 2018-19
ਅਚਨਚੇਤ ਖਰਚੇ

(ਰਕਮ ਲੱਖਾਂ ਵਿੱਚ.)

ਲੜੀ ਨੰ:	ਮਦ ਦਾ ਨਾਂ	ਅਸਲ ਖਰਚਾ 2016-17	ਪ੍ਰਵਾਨਤ ਬਜੱਟ ਸਾਲ 2017-18	ਅਸਲ ਖਰਚਾ 01.04.2017 ਤੋਂ 31.12.2017 ਤੱਕ	ਅਨੁਮਾਨਤ ਖਰਚਾ 1/1/2018 ਤੋਂ 31/03/2018	ਸੋਧੇ ਹਏ ਤਖਮੀਨੇ 2017-18	ਅਨੁਮਾਨਤ ਬਜੱਟ ਸਾਲ 2018-19
1	ਹੌਸਪੀਟੈਲਿਟੀ	0.00	10.00	1.74	3.26	5.00	10.00
2	ਸਟੇਰ ਅਤੇ ਸਟੇਸ਼ਨਰੀ	31.64	30.00	23.08	16.92	40.00	50.00
3	ਵਰਦੀਆਂ, ਸਲਾਈ, ਬੂਟਾਂ ਦੀ ਖਰੀਦ ਆਦਿ ਦੇ ਖਰਚੇ	77.65	30.00	1.98	18.02	20.00	15.00
4	ਟੈਲੀਫੋਨ ਦੇ ਖਰਚੇ	4.71	5.00	3.26	1.74	5.00	5.50
5	ਬਿਜਲੀ ਦੇ ਬਿਲ	67.49	70.00	47.17	17.83	65.00	70.00
6	ਕੰਨੂਨੀ ਫੀਸ ਦੇ ਖਰਚੇ	15.99	20.00	9.45	5.55	15.00	20.00
7	ਵਿਗਿਆਪਣਾਂ ਤੇ ਖਰਚੇ	30.53	25.00	11.03	8.97	20.00	20.00
8	ਡਾਕ ਤੇ ਖਰਚਾ	0.25	0.50	0.12	0.38	0.50	0.50
9	ਫੁਟਕਲ ਖਰਚੇ	158.87	100.00	96.18	36.32	135.00	110.00
10	ਪੈਟਰੋਲ/ਡੀਜਲ ਆਦਿ ਦਾ ਖਰਚਾ/ ਟਿਪਿੰਗ ਫੀਸ ਦਾ ਖਰਚਾ	804.75	800.00	594.86	205.14	800.00	850.00
11	ਗੱਡੀਆਂ ਦੇ ਰੱਖ ਰੱਖਾਵ ਤੇ ਖਰਚਾ	153.33	90.00	75.92	34.08	110.00	100.00
12	ਸਿਹਤ/ਮਲੈਰੀਏ ਦੀ ਰੋਕ ਥਾਮ ਤੇ ਖਰਚਾ	102.87	50.00	70.08	64.92	135.00	125.00
13	ਸਿਹਤ ਕੇਂਦਰਾਂ ਤੇ ਖਰਚਾ	1.60	10.00	0.30	4.70	5.00	5.00
14	ਇੰਜੀਨੀਅਰਿੰਗ ਸ਼ਾਖਾ ਦਾ ਖਰਚਾ	90.63	110.00	112.46	10.04	120.00	100.00
15	ਬਾਗਬਾਨੀ ਸ਼ਾਖਾ ਦਾ ਖਰਚਾ	55.70	40.00	36.74	13.26	50.00	50.00
16	ਅਖਬਾਰਾਂ ਅਤੇ ਮੈਗਜੀਨਾਂ ਤੇ ਖਰਚਾ	3.26	10.00	4.26	5.74	10.00	10.00
17	ਫਾਈਰ ਬ੍ਰਿਗੇਡ ਦਾ ਖਰਚਾ	13.61	10.00	3.73	1.27	5.00	12.00
18	ਕਮਪਿਊਟਰਾਇਜੇਸ਼ਨ ਤੇ ਖਰਚਾ	7.99	10.00	7.51	2.49	10.00	30.00
	ਜੋੜ	**1620.87**	**1420.50**	**1099.87**	**450.63**	**1550.50**	**1583.00**
19	ਵਾਟਰ ਸਪਲਾਈ ਤੇ ਸੀਵਰੇਜ਼ ਦਾ ਖਰਚਾ	72.38	100.00	18.38	26.62	45.00	55.00
	ਕੁਲ ਜੋੜ	**1693.25**	**1520.50**	**1118.25**	**477.25**	**1595.50**	**1638.00**

Deputy Controller (F&A)
Municipal Corporation
Jalandhar

ਨਗਰ ਨਿਗਮ ਜਲੰਧਰ

ਬਜੱਟ ਅਨੁਮਾਨ ਸਾਲ 2018-19

ਹੋਰ ਖਰਚੇ

(ਰਕਮ ਲੱਖਾਂ ਵਿੱਚ)

ਲੜੀ ਨੰ:	ਮਦ ਦਾ ਨਾਂ	ਅਸਲ ਖਰਚਾ 2016-17	ਪ੍ਰਵਾਨਤ ਬਜੱਟ ਸਾਲ 2017-18	ਅਸਲ ਖਰਚਾ 01.04.2017 ਤੋਂ 31.12.2017 ਤੱਕ	ਅਨੁਮਾਨਤ ਖਰਚਾ 1/1/2018 ਤੋਂ 31/03/2018	ਸੋਧੇ ਹੋਏ ਤਖਮੀਨੇ 2017-18	ਅਨੁਮਾਨਤ ਬਜੱਟ ਸਾਲ 2018-19
1	2	3	4	5	6	7	8
1	ਸਲਾਹ ਫੀਸ	22.60	17.00	17.35	17.65	35.00	20.00
2	ਗ੍ਰਾਂਟ/ਰਿਆਇਤਾਂ	27.00	25.00	26.68	8.32	35.00	40.00
3	ਅਰਨੈਸਟ ਮੰਨੀ ਦੀ ਵਾਪਸੀ	107.03	100.00	21.73	678.27	700.00	500.00
4	ਡਾਇਰੈਕਟੋਰੇਟ ਚਾਰਜਿਜ	65.00	85.00	2.00	13.00	15.00	100.00
5	ਇਲੈਕਸ਼ਨ ਚਾਰਜ਼ਿਜ	0.00	30.00	0.00	25.00	25.00	35.00
6	ਡਾਇਰੈਕਟੋਰੇਟ ਦੀ ਉਸਾਰੀ ਤੇ ਖਰਚਾ	0.00	10.00	0.00	0.00	0.00	0.00
7	ਆਡਿਟ ਫੀਸ	46.85	80.00	41.86	38.14	80.00	75.00
8	ਸਰਕਾਰ ਦੀ ਮਨਜ਼ੂਰੀ ਨਾਲ ਗ੍ਰਾਂਟ ਦਾ ਖਰਚਾ	41.16	30.00	14.00	6.00	20.00	30.00
	ਜ਼ੋੜ	**309.64**	**377.00**	**123.62**	**786.38**	**910.00**	**800.00**

Deputy Commissioner (F)
Municipal Corporation
Jalandhar

ਨਗਰ ਨਿਗਮ ਜਲੰਧਰ
ਬਜੱਟ ਅਨੁਮਾਨ ਸਾਲ 2018-19
ਵਿਕਾਸ ਦੇ ਕੰਮਾ ਤੇ ਖਰਚਾ

(ਰਕਮ ਲੱਖਾਂ ਵਿੱਚ.)

ਲੜੀ ਨੰ:	ਮਦ ਦਾ ਨਾਂ	ਅਸਲ ਖਰਚਾ 2016-17	ਪ੍ਰਵਾਨਤ ਬਜੱਟ ਸਾਲ 2017-18	ਅਸਲ ਖਰਚਾ 01.04.2017 ਤੋਂ 31.12.2017 ਤੱਕ	ਅਨੁਮਾਨਤ ਖਰਚਾ 01.01.2018 ਤੋਂ 31.03.2018 ਤੱਕ	ਸੋਧੇ ਹੋਏ ਤਖਮੀਨੇ 2017-18	ਅਨੁਮਾਨਤ ਬਜੱਟ ਸਾਲ 2018-19
	ੳ-(ਬੀ.ਐਡ.ਆਰ)						
1	ਸੜਕਾਂ ਅਤੇ ਗਲੀਆਂ ਦੀ ਉਸਾਰੀ ਅਤੇ ਰੱਖ ਰਖਾਵ	2230.08	1800.00	833.27	366.73	1200.00	1800.00
2	ਬਾਗਾਂ ਦੀ ਉਸਾਰੀ ਅਤੇ ਪਲਾਂਟੇਸ਼ਨ	0.00	2.00	0.00	2.00	2.00	100.00
3	ਗਰੀਨ ਬੈਲਟ ਦੀ ਉਸਾਰੀ	0.00	1.00	1.81	1.19	3.00	25.00
4	ਦਫਤਰੀ ਬਿਲਡਿੰਗ ਦੀ ਉਸਾਰੀ ਅਤੇ ਰੱਖ ਰਖਾਵ	16.67	200.00	26.19	73.81	100.00	250.00
5	ਪਬਲਿਕ ਟਾਇਲੈਟ ਦੀ ਉਸਾਰੀ (Sulabh International)	11.55	0.00	0.00	50.00	50.00	250.00
6	ਡੈਰੀ ਕੰਪਲੈਕਸ ਦੀ ਉਸਾਰੀ	0.00	10.00	0.00	10.00	10.00	200.00
7	ਇਨਫਰਾਸਟ੍ਰਕਚਰ ਡਿਵੈਲਪਮੈਂਟ ਫੰਡ ਸਟਰੀਟ ਲਾਈਟ	0.00	300.00	0.00	750.00	750.00	300.00
8	ਸਟਰੀਟ ਲਾਈਟ ਪੁਆਇੰਟਾ ਦਾ ਰੱਖ ਰਖਾਵ	289.51	400.00	190.76	209.24	400.00	300.00
9	ਸਲਮ ਵਿਕਾਸ (ਸ਼ਹਿਰੀ ਗਰੀਬਾ ਦੇ ਵਿਕਾਸ ਲਈ)	0.00	20.00	0.00	20.00	20.00	375.00
10	ਰੈਨ ਬਸੇਰਿਆਂ ਦੀ ਉਸਾਰੀ/ਰੱਖ ਰੱਖਾਵ	31.36	32.00	5.10	14.90	20.00	175.00
